
(ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ) ਅਕਤੂਬਰ-ਦਸੰਬਰ 2019

# ਪਰਵਾਸ

## ਸ੍ਰੀ ਗੁਰੂ ਨਾਨਕ ਵਿਸ਼ੇਸ਼ ਅੰਕ




ਪਰਵਾਸੀ ਸਾਹਿਤ ਅਧਿਅਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ

(T-2) ਪੰਜਾਬ ਭਵਨ ਸਰੀ ਕੈਨੇਡਾ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਤੀਸਰਾ ਪੰਜਾਬੀ ਸਾਹਿਤ ਤੇ ਸਭਿਆਚਾਰ ਸੰਮੇਲਨ (21 ਅਤੇ 22 ਸਤੰਬਰ 2019) ਦਾ ਉਦਘਾਟਨ ਡਾ. ਸ. ਪ. ਸਿੰਘ, ਸਾਬਕਾ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਕੀਤਾ ਗਿਆ




ਪੰਜਾਬ ਭਵਨ ਸਰੀ ਕੈਨੇਡਾ ਵਲੋਂ ਪੰਜਾਬੀ ਸਾਹਿਤ ਤੇ ਸਭਿਆਚਾਰ ਸੰਮੇਲਨ ਵਿੱਚ ਗੁਰਭੇਜ ਸਿੰਘ ਗੁਰਾਇਆ ਜੀ ਨੂੰ ਸਨਮਾਨਿਤ ਕਰਦੇ ਹੋਏ



ਈ-ਪੱਤ੍ਰਿਕਾ ਅਕਤੂਬਰ-ਦਸੰਬਰ 2019

# ਪਰਵਾਸ

(ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ)

**ਮੁੱਖ ਸੰਪਾਦਕ**

ਡਾ. ਸ. ਪ. ਸਿੰਘ

**ਇਸ ਅੰਕ ਦੇ ਵਿਸ਼ੇਸ਼ ਸੰਪਾਦਕ**

ਪ੍ਰੋ. ਸ਼ਰਨਜੀਤ ਕੌਰ

**ਸਰਪ੍ਰਸਤ**

ਸ. ਗੁਰਸ਼ਰਨ ਸਿੰਘ ਨਰੂਲਾ

**ਮੁੱਖ ਪ੍ਰਬੰਧਕ**

ਪ੍ਰਿੰ. ਡਾ. ਅਰਵਿੰਦਰ ਸਿੰਘ

**ਸੰਪਾਦਕ**

ਡਾ. ਭੁਪਿੰਦਰ ਸਿੰਘ

ਡਾ. ਤੇਜਿੰਦਰ ਕੌਰ

**ਸਲਾਹਕਾਰ**

ਡਾ. ਗੁਰਪ੍ਰੀਤ ਸਿੰਘ

ਡਾ. ਹਰਪ੍ਰੀਤ ਸਿੰਘ ਦੂਆ

ਡਾ. ਮੁਨੀਸ਼ ਕੁਮਾਰ

**ਸਹਿਯੋਗੀ (ਭਾਰਤ)**

ਪ੍ਰੋ. ਗੁਰਭਜਨ ਸਿੰਘ ਗਿੱਲ
9872631199

ਪ੍ਰੋ. ਮਨਜੀਤ ਸਿੰਘ ਛਾਬੜਾ
9815100791

ਡਾ. ਅੰਮ੍ਰਿਤਪਾਲ ਕੌਰ
8146565014

ਡਾ. ਲਖਵਿੰਦਰ ਸਿੰਘ ਜੌਹਲ
9417194812

ਡਾ. ਹਰਚੰਦ ਸਿੰਘ ਬੇਦੀ
9872867377

**ਸਹਿਯੋਗੀ (ਵਿਦੇਸ਼)**

ਪ੍ਰੋ. ਸਰਬਜੀਤ ਸਿੰਘ (ਕੈਨੇਡਾ)
+16047658417

ਸਰਬਜੀਤ ਸੋਹੀ (ਆਸਟਰੇਲੀਆ)
+61410584302

ਬਲਵਿੰਦਰ ਸਿੰਘ (ਯੂ. ਕੇ.)
+447491073808

ਕੁਲਵਿੰਦਰ ਸਿੰਘ (ਅਮਰੀਕਾ)
+19253130281

ਮੋਹਨ ਗਿੱਲ (ਕੈਨੇਡਾ)
+17789080914

**ਪਰਵਾਸੀ ਸਾਹਿਤ ਅਧਿਅਨ ਕੇਂਦਰ**

**ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ**

**ਈ-ਮੇਲ: parvasggn@gmail.com**

**ਮੋ: +9187290-80250,+9195010-27522**

# ਇਸ ਅੰਕ ਵਿਚ


**ਸੰਪਾਦਕੀ** — **ਡਾ. ਸ. ਪ. ਸਿੰਘ**

## ਕਵਿਤਾ/ਗਜ਼ਲਾਂ/ਨਜ਼ਮਾਂ

| | | |
|---|---|---|
| ਸਰਬਜੀਤ ਸੋਹੀ | ਕੁਲਦੀਪ ਚਿਰਾਗ਼ | ਮੋਹਨ ਗਿੱਲ |
| ਸੁਖਿੰਦਰ | ਸੁਰਿੰਦਰ ਗੀਤ | ਦਲਜਿੰਦਰ ਰਹਿਲ |
| ਗੁਰਦਰਸ਼ਨ ਬੱਲ | ਡਾ. ਅਮਰਜੀਤ ਟਾਂਡਾ | ਸੁਰਜੀਤ ਸੰਧੂ |
| ਗੁਰਮੇਲ ਕੌਰ ਸੰਘਾ | ਨਕਸ਼ਦੀਪ ਪੰਜਕੋਹਾ | |

## ਲੇਖ

| | | |
|---|---|---|
| ਨਾਨਕੁ ਸਾਇਰੁ ਏਵ ਕਹਤੁ ਹੈ | ਬੀਬੀ ਸੁਰਜੀਤ ਕੌਰ | 30-35 |
| ਸਚ ਕੀ ਬਾਣੀ ਨਾਨਕੁ ਆਖੈ | ਗੁਰਦੀਸ਼ ਗਰੇਵਾਲ | 36-43 |
| ਗੁਰੂ ਨਾਨਕ ਦਾ ਨਿਰਮਲ ਪੰਥ | ਮਨਜੀਤ ਕੌਰ ਸੇਖੋਂ | 44-48 |
| ਗੁਰੂ ਨਾਨਕ: ਸਮਾਜ ਦਾ ਸੰਕਲਪ | ਡਾ. ਅਰਵਿੰਦਰ ਸਿੰਘ | 49-52 |
| ਸਮੁੱਚੀ ਮਾਨਵਤਾ ਦੇ ਰਾਹ ਦਸੇਰੇ:ਗੁਰੂ ਨਾਨਕ | ਡਾ. ਹਰਗੁਣਜੋਤ ਕੌਰ | 53-55 |
| ਸ੍ਰੀ ਗੁਰੂ ਨਾਨਕ : ਅਧਿਆਤਮਿਕ ਰਾਹਦਾਰੀ | ਨਕਸ਼ਦੀਪ ਪੰਜਕੋਹਾ | 56-59 |
| ਸਿੱਖ ਇਨਕਲਾਬ ਦੇ ਮੋਢੀ: ਗੁਰੂ ਨਾਨਕ | ਡਾ. ਗੁਰਵਿੰਦਰ ਸਿੰਘ | 60-66 |

## ਸਰਗਰਮੀਆਂ

| | |
|---|---|
| ਸਰਗਰਮੀਆਂ ਪੰਜਾਬ ਭਵਨ ਸਰੀ | 67-75 |
| ਸਰਗਰਮੀਆਂ ਕੈਨੇਡਾ | 76-82 |
| ਸਰਗਰਮੀਆਂ ਆਸਟਰੇਲੀਆ | 83-84 |
| ਸਰਗਰਮੀਆਂ ਅਮਰੀਕਾ | 85-87 |
| ਸਰਗਰਮੀਆਂ ਇੰਗਲੈਂਡ | 88 |
| ਸਰਗਰਮੀਆਂ ਇਟਲੀ | 89-90 |



**ਸਹਿਯੋਗ:**
**ਸ੍ਰੀ ਸੁੱਖੀ ਬਾਠ, ਪੰਜਾਬ ਭਵਨ ਸਰੀ, ਕੈਨੇਡਾ**
**ਸਾਹਿਤ ਸੁਰ ਸੰਗਮ ਸਭਾ ਇਟਲੀ**
**ਇੰਡੋਜ਼ ਪੰਜਾਬੀ ਸਾਹਿਤ ਅਕਾਡਮੀ ਆਫ਼ ਆਸਟਰੇਲੀਆ**

# ਸੰਪਾਦਕੀ



'ਪਰਵਾਸ' ਦਾ ਨਵੇਂ ਰੂਪ ਵਿੱਚ ਦੂਜਾ ਅੰਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਹੈ। ਇਸ ਸਮਰਪਨ ਦੀ ਭਾਵਨਾ ਪਿੱਛੇ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਤੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ ਜੋ ਕਿ ਹਰ ਇਕ ਨਾਨਕ ਨਾਮ ਲੇਵਾ ਦਾ ਕਰਤੱਵ ਹੈ। ਦੂਜਾ ਪਰਿਪੇਖ ਇਹ ਪ੍ਰਵਾਨ ਕਰਨਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਅਨੁਆਈ ਗਲੋਬਲ ਪੱਧਰ 'ਤੇ ਪਸਰੇ ਹੋਏ ਹਨ ਅਤੇ ਪਰਵਾਸ ਵਿੱਚ ਜੀਵਨ ਬਤੀਤ ਕਰਦੇ ਹੋਏ ਉਨ੍ਹਾਂ ਧਰਤੀਆਂ ਦੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰਦੇ ਹੋਏ ਵੀ ਉਹ ਆਪਣੇ ਧਰਮ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹਨ। ਇਸ ਸਮਰਪਨ ਦੀ ਭਾਵਨਾ ਦੇ ਅੰਤਰਗਤ ਹੀ ਵਿਸ਼ਵ ਭਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਸਾਹਿਤ ਸਿਰਜਣਾ ਵੱਲ ਵੀ ਰੁਚਿਤ ਹਨ। ਇਸ ਲਈ ਇਹ ਨਿਰਣਾ ਲਿਆ ਗਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਸਾਹਿਤਕ ਸਮੱਗਰੀ, ਜਿਸ ਵਿੱਚ ਕਵਿਤਾਵਾਂ ਤੇ ਲੇਖ ਸ਼ਾਮਲ ਹਨ, ਨੂੰ ਪ੍ਰਕਾਸ਼ਿਤ ਕੀਤਾ ਜਾਵੇ ਪਰ ਇਹ ਪਰਵਾਸੀ ਲੇਖਕਾਂ ਦੁਆਰਾ ਰਚਿਤ ਹੋਵੇ। ਇਸ ਤੋਂ ਇਲਾਵਾ ਪਰਾਈਆਂ ਧਰਤੀਆਂ 'ਤੇ ਆਯੋਜਿਤ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਸਮਾਗਮਾਂ ਨੂੰ ਸਮਰਪਿਤ ਸਮਾਗਮਾਂ ਦਾ ਵੇਰਵਾ ਵੀ ਪਾਠਕਾਂ ਦੇ ਸਨਮੁੱਖ ਪ੍ਰਸਤੁਤ ਕੀਤਾ ਜਾਵੇ ਤਾਂ ਜੋ ਸਮੁੱਚੇ ਪਾਠਕ ਵਰਗ ਨੂੰ ਨਾਨਕ ਨਾਮ ਲੇਵਾ ਸੰਗਤ ਦੀਆਂ ਸਰਗਰਮੀਆਂ ਬਾਰੇ ਜਾਣੂ ਕਰਵਾਇਆ ਜਾ ਸਕੇ। ਸੰਪਾਦਕੀ ਮੰਡਲ ਦਾ ਇਹ ਵੀ ਯਤਨ ਰਿਹਾ ਹੈ ਕਿ ਪਰਾਈਆਂ ਧਰਤੀਆਂ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ 550ਵੇਂ ਪ੍ਰਕਾਸ਼ ਉਤਸਵ ਨਾਲ ਸਬੰਧਤ ਸਾਹਿਤਕ ਸਮਗਰੀਆਂ ਨੂੰ ਵੀ ਸ਼ਾਮਲ ਕੀਤਾ ਜਾਵੇ। ਇਸ ਤਰ੍ਹਾਂ ਪਰਵਾਸ ਦਾ ਇਹ ਅੰਕ ਆਪਣੇ ਆਪ ਵਿੱਚ ਵਿਸ਼ੇਸ਼ ਤੌਰ 'ਤੇ ਪਰਵਾਸੀ ਸਾਹਿਤਕਾਰਾਂ ਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸ਼ਰਧਾ ਪੇਸ਼ ਕਰਨਾ ਹੈ।

**ਸ. ਪ. ਸਿੰਘ (ਡਾ.)**
**ਸਾਬਕਾ ਵਾਈਸ ਚਾਂਸਲਰ,**
**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ**

## ਨਜ਼ਮਾਂ

# ਸਰਬਜੀਤ ਸੋਹੀ



ਸਰਬਜੀਤ ਸੋਹੀ ਆਸਟਰੇਲੀਆ ਵੱਸਦਾ ਪੰਜਾਬੀ ਕਵੀ ਹੈ। ਅਜੋਕੇ ਦੌਰ 'ਚ ਲਿਖੀ ਜਾ ਰਹੀ ਪ੍ਰਗਤੀਸ਼ੀਲ ਕਵਿਤਾ ਵਿਚ ਉਸਦਾ ਵਿਸ਼ੇਸ਼ ਸਥਾਨ ਹੈ। ਸੋਹੀ ਦੀ ਕਵਿਤਾ ਅਜੋਕੇ ਸਮਾਜ ਦੀ ਦੰਭੀ ਸੋਚ ਉੱਤੇ ਕਰਾਰੀ ਚੋਟ ਕਰਦੀ ਹੈ।

## ਖਾਲਸਾ

ਖਾਲਸਾ.........
ਸਾਬਤ ਸੂਰਤ ਹੀ ਨਹੀਂ
ਸਾਬਤ ਜਿਗਰ ਵੀ ਹੁੰਦਾ ਹੈ
ਜਿਸਦੀ ਮੁਸਕਾਨ ਵਿਚ ਘੁਲ ਸਕਦੀ ਹੈ
ਸਮੁੱਚੀ ਕਾਇਨਾਤ
ਜਿਸਦੀ ਨਿਮਰਤਾ ਵਿਚ ਡੁੱਬ ਸਕਦੇ ਨੇ
ਹਉਮੈ ਦੇ ਸ਼ੂਕਦੇ ਹੋਏ ਦਰਿਆ
ਜਿਸਦੀ ਸਹਿਜਤਾ ਵਿਚ.........
ਅਕਾਸ਼-ਗੰਗਾ ਵੀ ਸਮਾ ਸਕਦੀ ਹੈ

ਖਾਲਸਾ.........
ਵਿਲੱਖਣ ਹੀ ਨਹੀਂ
ਸੁਲੱਖਣ ਵੀ ਹੁੰਦਾ ਹੈ
ਜਿਸਦੀ ਸਾਧਾਰਨਤਾ ਵਿਚ ਗੁੰਮ ਸਕਦੀ ਹੈ
ਦੁਨੀਆ ਦੀ ਹਰ ਵਿਸ਼ੇਸਤਾ
ਜਿਸਦੀ ਨਿਰਲੇਪਤਾ ਵਿਚ ਵਹਿ ਸਕਦੀ ਹੈ
ਮਰਿਯਾਦਾ ਦੀ ਹਰ ਜ਼ਰੂਰੀ ਸ਼ਰਤ

ਖਾਲਸੇ ਲਈ ਕੱਕਾਰ.........
ਕੇਵਲ ਚਿੰਨ੍ਹ ਨਹੀਂ ਹੋ ਸਕਦੇ
ਚਿੰਨ੍ਹ ਤਾਂ ਕੇਵਲ.....ਪ੍ਰਤੀਕ ਹੁੰਦੇ ਨੇ
ਪ੍ਰਤੀਕ ਤੋਂ ਪ੍ਰਤੀਤ ਤੱਕ ਦਾ ਸਫ਼ਰ
ਬੜਾ ਹੀ ਕਠਿਨ ਹੈ
ਖਾਲਸਾ ਜੀਓ
ਇਹ ਦਿਖ ਦੇ ਮੁਕਾਮ ਤੋਂ.........
ਦਰਸਾਉਣ ਤੱਕ ਬਹੁਤ ਲੰਮੇਰਾ ਹੈ

## ਐਨੀਮੇਸ਼ਨ ਫੋਬੀਆ

ਜੋ ਬਾਬਰ ਦੇ........
ਬੰਦੀ ਗ੍ਰਹਿ ਵਿੱਚ ਨਾਬਰ ਰਿਹਾ
ਜੋ ਸੱਜਨ ਦੀ ਸਰਾਂ ਵਿੱਚ ਸਲਾਮਤ ਰਿਹਾ
ਜਿਸ ਤੇ ਨਿਰਅਸਰ ਰਿਹਾ ਬੰਗਾਲ ਦਾ ਜਾਦੂ
ਜਿਸ ਨੂੰ ਬੰਨ ਨਾ ਸਕਿਆ
ਪਾਂਡੇ ਦਾ ਜਨੇਊ
ਜਿਸ ਨੂੰ ਤੱਜ ਨਾ ਸਕਿਆ ਪਾਂਧੇ ਦਾ ਗਿਆਨ
ਜਿਸ ਨੂੰ ਨਿਗਲ ਨਾ ਸਕਿਆ ਵੇਈਂ ਦਾ ਪਾਣੀ
ਜਿਸ ਨੂੰ ਬਦਲ ਨਾ ਸਕਿਆ
ਬਰਖ਼ੁਰਦਾਰਾਂ ਦਾ ਮੋਹ
ਜੋ ਡੂਮ ਨਾਲ ਰਹਿ ਕੇ ਵੀ
ਭਿੱਟ ਨਾ ਹੋਇਆ

ਜੋ ਸਿੱਧਾਂ ਤੋਂ ਗੋਸ਼ਟਿ ਵਿੱਚ ਵੀ
ਠਿੱਠ ਨਾ ਹੋਇਆ
ਜਿਸ ਨੂੰ ਕੁਚਲ ਨਾ ਸਕਿਆ
ਵਲੀ ਕੰਧਾਰੀ ਦੇ ਅਹੰਕਾਰ ਦਾ
ਪੱਥਰ
ਜਿਸ ਨੂੰ ਸੰਮੋਹਿਤ ਨਾ ਕਰ ਸਕੇ
ਜੋਗੀਆਂ ਦੇ ਮੰਤਰ

ਜੋ ਦੁੱਧ ਨਾਲ ਭਰੇ ਹੋਏ
ਅਧਿਆਤਮ ਦੇ ਮੁਲਤਾਨੀ ਗਲਾਸ
ਵਿੱਚ
ਤਰ ਗਿਆ ਸੀ
ਖਿੜ੍ਹੇ ਹੋਏ ਕੰਵਲ ਦੀ ਨਿਆਂਈ


ਡਰੋ ਨਾ
ਉਸ ਨਾਨਕ ਨੂੰ
ਨਹੀਂ ਖਤਮ ਕਰ ਸਕਦੇ ਕਾਰਟੂਨ
ਨਹੀਂ ਅਸਤ ਕਰ ਸਕਦੇ ਤਰਕ ਦੇ
ਸੂਰਜ ਨੂੰ
ਕਦੇ ਵੀ ਚਿੱਤਰੇ/ਚੱਲ-ਚਿੱਤਰ

ਨਾਨਕ ਨੂੰ ਖਤਰਾ
ਕਲਪਿਤ ਕਾਰਟੂਨਾਂ ਤੋਂ ਨਹੀਂ
ਉਸ ਨੂੰ ਮੰਨਣ ਵਾਲੇ ਜਿਊਂਦੇ ਬੁੱਤਾਂ
ਤੋਂ ਹੈ
ਜੋ ਉਸ ਦੀ ਮੰਨਣ ਦੀ ਬਜਾਏ
ਉਸ ਨੂੰ ਮੰਨਣ ਦਾ ਪਾਖੰਡ ਕਰਦੇ ਨੇ


**ਸਰਬਜੀਤ ਸੋਹੀ**
**ਆਸਟਰੇਲੀਆ**
**+61410584302**
**singhsarbjeet13@yahoo.com**








**ਪਰਵਾਸੀ ਸਾਹਿਤ ਅਧਿਅਨ ਕੇਂਦਰ ਵਲੋਂ ਪ੍ਰਕਾਸ਼ਿਤ, ਪਰਵਾਸੀ ਪੰਜਾਬੀ ਸਾਹਿਤ ਸੰਬੰਧੀ ਪੰਜਾਬੀ ਪੁਸਤਕਾਂ**

## ਨਜ਼ਮ

## ਕੁਲਦੀਪ ਚਿਰਾਗ਼



ਕੁਲਦੀਪ ਚਿਰਾਗ਼ ਮਲੇਸ਼ੀਆ ਵੱਸਦਾ ਪੰਜਾਬੀ ਗ਼ਜ਼ਲ ਦੇ ਖੇਤਰ ਵਿੱਚ ਨਵਾਂ ਸ਼ਾਇਰ ਹੈ ਤੇ ਭਵਿੱਖ ਵਿੱਚ ਪੰਜਾਬੀ ਗ਼ਜ਼ਲ ਦੇ ਰੰਗਾਂ ਨੂੰ ਹੋਰ ਵੀ ਗੂੜ੍ਹਿਆਂ ਕਰੇਗਾ।

### ਬਾਬੇ ਦਾ ਸਿਧਾਂਤ

ਬਾਬਾ ਨਾਨਕ
ਮੈਂ
ਲੜਖੜਾਉਣ ਤੋਂ ਰਹਿਤ
ਉਮਰ ਦੇ ਆਖਰੀ ਪੰਧ 'ਤੇ
ਮੰਜ਼ਿਲ ਸਰ ਕਰਨ ਦੀ ਕੋਸ਼ਿਸ਼ 'ਚ
ਹਾਂ
ਤੇ ਅੱਜ
ਤੇਰੀ ਤਸਵੀਰ ਦੇ ਸਨਮੁੱਖ ਖਲੋ
ਕੁੱਝ ਦਿਲ ਹੌਲਾ ਕਰਨਾ ਲੋਚਦੈ...

ਬਾਬਾ
ਮੈਂ ਸਾਰੀ ਉਮਰ
ਸਿੱਖੀ ਸੇਵਕੀ ਨਿਭਾਈ
ਰਸੀਦ ਪਰਚੀ ਦੀ ਸੇਵਾ ਤੋਂ ਲੈ ਕੇ
ਗੁਰਦੁਆਰੇ ਦੀ ਪ੍ਰਧਾਨਗੀ ਤਕ
ਮੈਂ ਕਦੇ ਵੀ ਤੇਰੇ
ਕਿਰਤ ਕਰੋ, ਵੰਡ ਛਕੋ ਤੇ ਨਾਮ
ਜਪੋ
ਦੇ ਸਿਧਾਂਤ ਨੂੰ ਭੁਲਿਆ ਨਹੀਂ

ਆਹ ਦੇਖ ਲ਼ੈ
ਮੈਂ ਕਿਰਤ ਕਰਦਿਆਂ
ਦੋ ਕੱਚੇ ਜਰਜਰੀ ਕਮਰਿਆਂ ਤੋਂ
ਇੱਕ ਆਲ਼ੀਸ਼ਾਨ ਬੰਗਲਾ ਸਿਰਜ
ਲਿਆ....

ਇਹੀ ਨਹੀਂ
ਮੈਂ ਬਾਬਾ ਹਰ ਸਾਲ
ਤੇਰੇ ਜਨਮ ਦਿਵਸ ਤੇ ਲੰਗਰ
ਵੀ ਲਗਾਉਨੈਂ।।
ਤੇ ਤੇਰੇ ਵੰਡ ਛਕੋ
ਦੇ ਸਿਧਾਂਤ 'ਤੇ ਚੱਲਦਿਆਂ
ਕਮਾਈ ਦੀ ਮਲਾਈ ਛੱਕ
ਬਾਕੀ ਸਭ ਸੰਗਤਾਂ ਲ਼ਈ ਛੱਡਦਾਂ
ਤਾਂ ਹੀ ਅੱਜ ਬਾਬਾ
ਮੇਰਾ ਕਰੋੜਾਂ ਦਾ ਕਾਰੋਬਾਰ ਐ...

ਹਾਂ ਬਾਬਾ
ਮੈਂ ਨਾਮ ਜਪੋ ਦਾ ਸਿਧਾਂਤ
ਵੀ ਨਹੀਂ ਭੁੱਲਿਆ
ਹਰ ਸਾਲ ਘਰ ਅਖੰਡ ਪਾਠ ਰਖਵਾ
ਕੇ
ਹਜ਼ੂਰੀ ਰਾਗੀਆਂ ਤੋਂ ਕੀਰਤਨ ਵੀ
ਕਰਵਾਉਨੈਂ
ਤੇ ਨਾਮ ਵੀ ਜਪਾਉਨੈਂ ....


ਬਾਬਾ ਇਹ ਗੱਲ ਵੱਖਰੀ ਏ

ਕਿਰਤ ਕਰਦਿਆਂ ਝੋਲੀ ਭਰਦਿਆਂ
ਸ਼ਾਇਦ ਲਾਚਾਰ ਤੇ ਮਾਸੂਮ
ਦੀ ਬੇਚਾਰਗੀ ਨੂੰ
ਆਪਣੇ ਹਿੱਤ 'ਚ ਵਰਤ ਲਿਆ
ਹੋਵੇ...
ਹਾਂ ਬਾਬਾ
ਇਹ ਗੱਲ ਵੱਖਰੀ ਏ
ਵੰਡ ਛਕੋ ਦੇ ਸਿਧਾਂਤ ਤੇ ਚਲਦਿਆਂ
ਸੰਗਤਾਂ ਦੀ ਕਮਾਈ ਨੂੰ
ਸ਼ਾਇਦ ਆਪਣੇ ਹਿੱਤ 'ਚ ਵਰਤ
ਲਿਆ ਹੋਵੇ....

ਸੱਚ ਬਾਬਾ
ਤੇਰੇ ਨਾਮ ਜਪੋ ਦੇ ਸਿਧਾਂਤ ਤੇ
ਤਾਂ ਮੈਂ ਕੋਈ ਛਲ਼ ਨਹੀਂ ਕੀਤਾ,
ਤੇਰੇ ਨਾਲ
ਹਾਂ ਪਰ ਮਸ਼ਵਰਾ ਵੀ ਨਹੀਂ ਕੀਤਾ
ਤੇਰੇ ਨਾਲ
ਬਸ ਇਹੀ ਕਦੇ
ਤੇਰਾ ਨਾਮ ਜਪਾਉਂਦਿਆਂ
ਤੇਰੇ ਨਾਮ 'ਤੇ ਹੋਈ ਕਮਾਈ ਦਾ
ਦਸਵੰਧ ਗੁਰਦੁਆਰੇ ਛੱਡ
ਬਾਕੀ 90 ਪ੍ਰੀਸ਼ਤ
ਇਸ ਬੰਗਲੇ ਤੇ ਲਗਿਆ
ਤੇ ਇਹ ਬੰਗਲਾ ਵੀ ਤਾਂ
ਤੇਰਾ ਈ ਆ ਬਾਬਾ...
ਤੇ ਮੈਂ ਵੀ ...

ਅੱਜ ਇਸ ਸ਼ਾਂਤੀ ਸਦਨ ਨਾਂ ਦੇ
ਬੰਗਲੇ 'ਚ
ਮੈਨੂੰ ਸ਼ਾਂਤੀ ਨਹੀਂ ਮਿਲ ਰਹੀ ਸੀ
ਮੈਂ ਸੋਚਿਆ, ਸਾਰੀ ਜ਼ਿੰਦਗੀ
ਕਿਰਤ ਕਰਦਿਆਂ, ਵੰਡ
ਛਕਦਿਆਂ, ਤੇ ਨਾਮ ਜਪਦਿਆਂ
ਤਾਂ ਵਿਹਲ ਹੀ ਨਹੀਂ ਮਿਲੀ
ਅੱਜ ਸਮਾਂ ਕੱਢ ਬਾਬੇ ਕੋਲ
ਦਿਲ ਹੌਲਾ ਕਰ ਲਵਾਂ
ਸ਼ਾਇਦ, ਸ਼ਾਂਤੀ ਸਦਨ ਚ ਸ਼ਾਂਤੀ
ਆ ਜਾਵੇ
ਆਖਰ
ਮੈਂ ਤੇਰਾ ਹੀ ਸਿੱਖ ਆ ਬਾਬਾ
ਤੇ ਦੁੱਖ-ਸੁਖ ਵੀ ਤੇਰੇ ਨਾਲ ਹੀ
ਫੋਲਣਾ ਹੋਇਆ....


ਕੁਲਦੀਪ ਚਿਰਾਗ਼
ਮਲੇਸ਼ੀਆ
60177723479
kuldeepchirag@gmail.com


**ਪਰਵਾਸੀ ਸਾਹਿਤ ਅਧਿਅਨ ਕੇਂਦਰ ਵਲੋਂ ਪ੍ਰਕਾਸ਼ਿਤ, ਪਰਵਾਸੀ ਪੰਜਾਬੀ ਸਾਹਿਤ ਸੰਬੰਧੀ ਪੰਜਾਬੀ ਪੁਸਤਕ**

## ਨਜ਼ਮ

## ਮੋਹਨ ਗਿੱਲ



ਕੇਨੈਡਾ ਦੇ ਸ਼ਹਿਰ ਸਰੀ ਵਿਚ ਵੱਸਦੇ ਪਰਵਾਸੀ ਪੰਜਾਬੀ ਲੇਖਕ ਮੋਹਨ ਗਿੱਲ ਨੇ ਕਵਿਤਾ,ਹਾਇਕੂ ਅਤੇ ਵਾਰਤਕ ਰਚਨਾ ਰਾਹੀਂ ਆਪਣੀ ਸਿਰਜਣਾਤਮਕ ਪ੍ਰਤਿਭਾ ਨਾਲ ਆਪਣਾ ਵੱਖਰਾ ਮੁਕਾਮ ਬਣਾਇਆ ਹੈ।

### ਨਾਨਕ

ਸਤਿਗੁਰ ਨਾਨਕ, ਸ਼ਾਇਰ ਨਾਨਕ।
ਫਿਰ ਧਰਤੀ 'ਤੇ ਆਓ ਨਾਨਕ।
ਧਰਤ ਲੋਕਾਈ ਲਟ ਲਟ ਬਲ਼ਦੀ,
ਇਸ ਦੀ ਅਗਨ ਬੁਝਾਓ ਨਾਨਕ।

ਅੱਜ ਫਿਰ ਇਸ ਧਰਤੀ ਦੇ ਉੱਤੇ।
ਧਰਮ ਕਰਮ ਦੇ ਰਾਖੇ ਸੁੱਤੇ।
ਘੂਕ ਸੁੱਤਿਆਂ ਕੁੰਭਕਰਨਾਂ ਨੂੰ
ਗਿਆਨ ਦੇ ਨਾਲ ਜਗਾਓ ਨਾਨਕ।

ਅੱਜ ਮੰਦਰ ਤੇ ਗੁਰਦਵਾਰੇ।
ਸੰਗਮਰਮਰ ਦੇ ਬਣ ਗਏ ਸਾਰੇ।
ਮਿੱਟੀ ਦੀ ਖੁਸ਼ਬੋਈ ਵਰਗੀ,
ਇਸ ਵਿੱਚ ਰੂਹ ਵਸਾਓ ਨਾਨਕ।

ਕੌਡੇ ਰਾਕਸ਼ ਜੀਪਾਂ ਦੇ ਵਿੱਚ,
ਸੜਕਾਂ ਗ਼ਲੀਆਂ ਘੁੰਮਦੇ ਫਿਰਦੇ।
ਰਾਕਸ਼ ਨੂੰ ਦਰਵੇਸ਼ਾਂ ਵਾਲਾ,
ਮੁੜ ਕੇ ਪਾਠ ਪੜ੍ਹਾਓ ਨਾਨਕ।
ਭੀੜ ਜੁੜੀ ਹੈ ਭਾਗੋ ਦੇ ਘਰ।
ਸਭ ਕੁਝ ਬਣਿਆ ਜ਼ੋਰੂ ਤੇ ਜ਼ਰ।
ਲਾਲੋ ਦੇ ਘਰ ਤਵੇ ਤੇ ਪੱਕਿਆ,
ਫੁਲਕਾ ਫੇਰ ਛਕਾਓ ਨਾਨਕ।

ਉਲਝ ਗਿਆ ਹੈ ਤਾਣਾ ਪੇਟਾ।
ਨਾ ਕੋਈ ਬਾਪ ਤੇ ਨਾ ਹੀ ਬੇਟਾ।
ਰਿਸ਼ਤਿਆਂ ਦੇ ਵਿੱਚ ਦੁਰਗੰਧ ਫੈਲੀ
ਫਿਰ ਤੋਂ ਸੁਗੰਧ ਫੈਲਾਓ ਨਾਨਕ।

ਮੱਥੇ ਟੇਕਣ ਲੱਗ ਗਏ ਹਾਂ।
ਅਮਲਾਂ ਕੋਲੋਂ ਭੱਜ ਰਹੇ ਹਾਂ।
ਭਟਕੀ ਹੋਈ ਲੋਕਾਈ ਤਾਈ,
ਕਰਨਾ ਅਮਲ ਸਿਖਾਓ ਨਾਨਕ।

ਬਾਣਾ ਬਣ ਕੇ ਸਿੱਖੀ ਰਹਿ ਗਈ।
ਸ਼ਬਦ ਗੁਰੂ ਗੱਲ ਪਿੱਛੇ ਰਹਿ ਗਈ
ਗਿਆਨ ਮਹੱਤਵ, ਸ਼ਬਦ ਚੇਤਨਾ,
ਮਸਤਕ ਵਿੱਚ ਜਗਾਓ ਨਾਨਕ।

ਸੁੱਤੀ ਪਈ ਰਬਾਬ ਜਗਾਓ।
ਸੱਚ ਦੇ ਸੰਗ ਸੰਗੀਤ ਲਿਆਓ।
ਸੱਚਾ ਸੰਗੀ, ਸੱਚਾ ਸਾਥੀ,
ਮਰਦਾਨਾ ਵੀ ਲਿਆਓ ਨਾਨਕ।

ਸਤਿਗੁਰ ਨਾਨਕ, ਸ਼ਾਇਰ ਨਾਨਕ।
ਫਿਰ ਧਰਤੀ ਤੇ ਆਓ ਨਾਨਕ।
ਧਰਤ ਲੋਕਾਈ ਲਟ ਲਟ ਬਲ਼ਦੀ,
ਇਸ ਦੀ ਅਗਨ ਬੁਝਾਓ ਨਾਨਕ।

**ਮੋਹਨ ਗਿੱਲ**
**ਸਰੀ, ਕੈਨੇਡਾ**
**+17789080914**
**mohandelhon@hotmail.com**

## ਨਜ਼ਮ

# ਸੁਖਿੰਦਰ



ਸੁਖਿੰਦਰ ਕੈਨੇਡਾ ਵੱਸਦਾ ਪਰਵਾਸੀ ਪੰਜਾਬੀ ਸਾਹਿਤਕਾਰ ਹੈ। ਜਿਸਨੇ ਕਵਿਤਾ, ਆਲੋਚਨਾ ਵਾਰਤਕ, ਨਾਵਲਨਿਗਾਰੀ, ਸੰਪਾਦਨਾ ਅਤੇ ਵਿਗਿਆਨਕ ਸਾਹਿਤ ਦੀ ਰਚਨਾ ਨਾਲ ਪੰਜਾਬੀ ਸਾਹਿਤ ਨੂੰ ਅਮੀਰ ਕੀਤਾ ਹੈ। ਇਹਨਾਂ ਵੱਲੋਂ ਸੰਪਾਦਿਤ ਕੀਤਾ ਜਾ ਰਿਹਾ ਸਾਹਿਤਕ ਰਸਾਲਾ 'ਸੰਵਾਦ' ਅੱਜ ਪੰਜਾਬੀ ਸਾਹਿਤ ਜਗਤ ਵਿਚ ਆਪਣੀ ਅਲੱਗ ਪਛਾਣ ਰੱਖਦਾ ਹੈ।

## ਰਾਜੇ ਸ਼ੀਂਹ, ਮੁਕੱਦਮ ਕੁੱਤੇ

ਸਾਡੇ ਸਮਿਆਂ ਵਿੱਚ
ਸ਼ਾਇਰਾਂ ਨੂੰ ਇਨ੍ਹਾਂ ਸ਼ਬਦਾਂ ਦੇ
ਅਰਥ ਸਮਝਣੇ ਪੈਣਗੇ :

'ਰਾਜੇ ਸ਼ੀਂਹ, ਮੁਕੱਦਮ ਕੁੱਤੇ'
ਸਾਡੇ ਸਮਿਆਂ ਵਿੱਚ
ਸ਼ਾਇਰਾਂ ਨੂੰ ਇਨ੍ਹਾਂ ਸ਼ਬਦਾਂ ਦੇ
ਅਰਥ ਲਿਖਣੇ ਪੈਣਗੇ :
'ਰਾਜੇ ਸ਼ੀਂਹ, ਮੁਕੱਦਮ ਕੁੱਤੇ'
ਸਾਡੇ ਸਮਿਆਂ ਵਿੱਚ
ਸ਼ਾਇਰਾਂ ਨੂੰ ਇਨ੍ਹਾਂ ਸ਼ਬਦਾਂ ਦੇ
ਅਰਥ ਬੋਲਣੇ ਪੈਣਗੇ :
'ਰਾਜੇ ਸ਼ੀਂਹ, ਮੁਕੱਦਮ ਕੁੱਤੇ'

ਅਜਿਹਾ ਕਰਨ ਤੋਂ ਬਿਨ੍ਹਾਂ
ਉਹ ਸਮਝ ਨਹੀਂ ਸਕਣਗੇ
ਸਾਡਾ ਪੌਣ-ਪਾਣੀ
ਗੰਧਲਾ ਕਿਵੇਂ ਹੋ ਗਿਆ
ਸਾਡਾ ਗੀਤ-ਸੰਗੀਤ
ਲੱਚਰਵਾਦੀ ਕਿਵੇਂ ਹੋ ਗਿਆ
ਸਾਡਾ, ਵਿਰਸਾ-ਸੱਭਿਆਚਾਰ
ਨਸ਼ਿਆਂ ਵਿੱਚ ਕਿੰਝ ਰੁੜ੍ਹ ਗਿਆ
ਸਾਡਾ, ਖੂਹਾਂ ਦਾ ਪਾਣੀ
ਜ਼ਹਿਰੀ ਕਿਵੇਂ ਹੋ ਗਿਆ
ਸਾਡਾ ਖੇਤਾਂ ਦਾ ਮਾਲਕ
ਖੁਦਕਸ਼ੀਆਂ ਦੇ ਰਾਹ ਕਿੰਝ ਤੁਰ ਪਿਆ


ਸਾਡਾ ਖਾਲਸ ਸੂਰਮਾ


ਕਰੈਕ, ਕੁਕੇਨ, ਅਫੀਮ ਦਾ ਆਦੀ
ਕਿੰਝ ਹੋ ਗਿਆ
ਸਾਡਾ ਸਾਂਝੀਵਾਲਤਾ ਦਾ ਪੈਗ਼ਾਮ
ਊਚ-ਨੀਚ, ਮਨੂੰਵਾਦੀ ਚਿੱਕੜ
ਵਿੱਚ ਕਿਵੇਂ ਫਸ ਗਿਆ
ਸਾਡੇ ਸਮਿਆਂ ਵਿੱਚ

ਸ਼ਾਇਰਾਂ ਨੂੰ ਇਨ੍ਹਾਂ ਸ਼ਬਦਾਂ ਦੇ
ਅਰਥ ਸਮਝਣੇ ਪੈਣਗੇ :
'ਰਾਜੇ ਸ਼ੀਂਹ, ਮੁਕੱਦਮ ਕੁੱਤੇ'
ਇਨ੍ਹਾਂ ਸ਼ਬਦਾਂ ਦੇ ਅਰਥ
ਸਮਝੇ ਬਿਨ੍ਹਾਂ, ਉਹ
ਇਨ੍ਹਾਂ ਕੁੱਤਿਆਂ ਦੀ ਪੈੜ
ਨੱਪ ਨਹੀਂ ਸਕਣਗੇ
ਇਨ੍ਹਾਂ ਸ਼ਬਦਾਂ ਦੇ ਅਰਥ
ਸਮਝੇ ਬਿਨ੍ਹਾਂ, ਉਹ
ਜਾਣ ਨਹੀਂ ਸਕਣਗੇ
ਪੰਜਾਬ ਨੂੰ ਇਨ੍ਹਾਂ,
ਕੈਲੇਫੋਰਨੀਆਂ ਬਨਾਉਣ ਦਾ
ਲਾਰਾ ਲਗਾ ਕਿਵੇਂ
ਅਫਗਾਨਿਸਤਾਨ ਬਣਾ ਦਿੱਤਾ
ਸਾਰੇ ਹਿੰਦੁਸਤਾਨ ਨੂੰ

ਅੰਨ ਦੇ ਭੰਡਾਰ ਦੇਣ ਵਾਲੇ ਖੇਤਾਂ ਨੂੰ
ਕੈਂਸਰ ਦੇ ਜਰਮ ਪੈਦਾ ਕਰਨ ਵਾਲੇ
ਕਬਰਸਤਾਨ ਕਿਵੇਂ ਬਣਾ ਦਿੱਤਾ
ਵਾਰਿਸ, ਬੁੱਲ੍ਹੇ, ਪੀਲੂ ਦੀ ਸ਼ਾਇਰੀ
ਨੂੰ
ਲੰਬੀਆਂ, ਲੰਬੀਆਂ ਹੇਕਾਂ ਲਗਾ ਕੇ
ਗਾਉਣ ਵਾਲੇ ਲੋਕਾਂ ਦੇ ਘਰਾਂ ਨੂੰ
ਗੈਂਗਸਟਰਾਂ ਦੇ ਘਰੋਂਦੇ
ਕਿਵੇਂ ਬਣਾ ਦਿੱਤਾ।

**ਸੁਖਿੰਦਰ**
**ਕੈਨੇਡਾ**
**+416-858-7077**
**poet_sukhinder@hotmail.com**




**ਪਰਵਾਸੀ ਸਾਹਿਤ ਅਧਿਅਨ ਕੇਂਦਰ ਵਲੋਂ ਪ੍ਰਕਾਸ਼ਿਤ, ਪਰਵਾਸੀ ਪੰਜਾਬੀ ਸਾਹਿਤ ਬਾਰੇ ਪੰਜਾਬੀ ਪੁਸਤਕਾਂ**

## ਨਜ਼ਮਾਂ

## ਸੁਰਿੰਦਰ ਗੀਤ



ਸੁਰਿੰਦਰ ਗੀਤ ਕੈਲਗਰੀ ਵੱਸਦੀ ਪੰਜਾਬੀ ਦੀ ਪ੍ਰਸਿੱਧ ਕਵਿੱਤਰੀ ਹੈ। ਹੁਣ ਤੱਕ ਉਹ ਛੇ ਕਾਵਿ-ਸੰਗ੍ਰਹਿ ਅਤੇ ਇੱਕ ਗ਼ਜ਼ਲ-ਸੰਗ੍ਰਹਿ ਲਿਖ ਚੁੱਕੇ ਹਨ। ਇਸ ਤੋਂ ਇਲਾਵਾ ਉਸ ਨੇ ਇੱਕ ਵਾਰਤਕ ਦੀ ਪੁਸਤਕ ਦੀ ਵੀ ਰਚਨਾ ਕੀਤੀ ਹੈ। ਆਪਣੀ ਧਰਤੀ ਤੋਂ ਦੂਰ ਵਸਦਿਆਂ ਵੀ ਉਸ ਨੇ ਕਾਵਿਕ-ਸੰਵੇਦਨਾ ਨੂੰ ਬਚਾ ਕੇ ਰਖਿਆ ਹੈ।

### ਬਾਬਾ ਨਾਨਕ

ਬਾਬਾ ਨਾਨਕ
ਜੇ ਤੇਰਾ ਨਨਕਾਣੇ ਆ ਕੇ
ਅੰਮ੍ਰਿਤਸਰ ਦਾ ਇਰਾਦਾ ਬਣ 'ਜੇ
ਤੈਨੂੰ ਆਪਣੀ ਫੋਟੋ ਦੀਆਂ
ਕਈ ਕਾਪੀਆਂ ਉੱਤੇ
ਕਿਸੇ ਉੱਚ ਅਧਿਕਾਰੀ ਦੀ ਸਹੀ
ਪਵਾ ਕੇ
ਮਿੰਨਤਾਂ ਕਰਕੇ
ਤਰਲੇ ਭਰ ਕੇ
ਵੱਢੀਆਂ ਦੇ ਕੇ
ਜਾਂ ਫਿਰ ਕਿਸੇ ਸਿੱਖ ਲੀਡਰ ਕੋਲ
ਸਿੱਖੀ ਢਾਹੂ ਗੱਲਾਂ ਕਰਕੇ
ਜੇ ਅੰਮ੍ਰਿਤਸਰ ਦਾ ਵੀਜ਼ਾ ਮਿਲ ਜੇ
ਬਾਬਾ
ਜਦ ਤੂੰ ਸੀਮਾ ਪਾਰ ਕਰੇਂਗਾ
ਓਥੇ ਬੈਠਾ ਹਿੰਦ ਦਾ ਰਾਖਾ
ਤੇਰੀ ਗੱਠੜੀ ਤਾਂਈ ਬਾਬਾ
ਜ਼ਰੂਰ ਟੋਹੇਗਾ
ਤੇ ਕਹੇਗਾ
ਇਹ ਤਾਂ ਨਿਰਾ ਸੱਚ ਹੈ ਬਾਬਾ
ਇਹਨੂੰ ਇਥੇ ਰੱਖ ਜਾ ਬਾਬਾ
ਹਿੰਦੋਸਤਾਨ ਲਿਜਾ ਨਹੀਂ ਸਕਦਾ
ਹਿੰਦੋਸਤਾਨ ਲਈ ਖ਼ਤਰਾ ਬਾਬਾ
ਜੇ ਤੂੰ ਬਾਬਾ ਜਿੱਦ ਕਰੇਂਗਾ
ਤੇਰੇ ਨੂਰੀ ਮੱਥੇ ਉੱਤੇ
ਅੱਤਵਾਦ ਦਾ ਲੇਬਲ ਲੱਗ ਜੂ
ਨਹੀਂ ਤਾਂ ਹੱਦ ਦੇ ਉੱਤੇ ਬਾਬਾ
ਭਾਰਾ ਪੁਲਸ ਮੁਕਾਬਲਾ ਬਣ 'ਜੂ।
ਜਨਮ ਦਿਹਾੜਾ
ਤੇਰਾ
ਜਨਮ ਦਿਹਾੜਾ ਬਾਬਾ
ਢੋਲ ਢਮੱਕਾ
ਰੌਲਾ ਰੱਪਾ
ਸ਼ੋਰ ਸ਼ਰਾਬਾ
ਕੀ ਸਰਕਾਰੇ
ਕੀ ਦਰਬਾਰੇ
ਤੇਰੇ ਬਹੁਤੇ ਨੇੜ ਹੋਣ ਲਈ
ਇਕ ਦੂਜੇ ਨੂੰ ਦਿੰਦੇ ਧੱਕੇ
ਆਪਣੀ ਸ਼ਰਧਾ

ਪਾ ਗੋਲਕ ਵਿੱਚ
ਟੇਕਣ ਮੱਥੇ
ਗੋਲਕ ਭਰਦੇ
ਖਾਲੀ ਕਰਦੇ
ਰਾਜਨੀਤੀ ਦੇ ਢਾਹੇ ਚੜ੍ਹਦੇ
ਆਪ ਪਕਾ ਕੇ ਸ਼ਾਹੀ ਲੰਗਰ
ਆਪੇ ਛੱਕਦੇ
ਪਰ ਤੇਰੇ ਜਨਮ ਦਿਹਾੜੇ ਦੇ
ਇਹ ਲੇਖੇ ਲਗਦੇ।
ਇਸਤੋਂ ਅੱਗੇ ਹੋਰ ਰਿਵਾਜ
ਜਿਸ 'ਤੇ ਕਰਦੀ ਕੌਮ ਇਹ ਨਾਜ਼
ਛੋਟੇ ਵੱਡੇ ਹਰ ਸ਼ਹਿਰ ਵਿੱਚ
ਲੱਖਾਂ ਅਤੇ ਕਰੋੜਾਂ ਲਾ ਕੇ
ਸ਼ਬਦ ਜੋਤ ਨੂੰ
ਸੋਨ ਪਾਲਕੀ ਵਿੱਚ ਸਜਾ ਕੇ
ਸ਼ਹਿਰ ਸਾਰੇ ਵਿੱਚ
ਗੇੜੇ ਕੱਢਦੇ
ਰਾਗੀ, ਢਾਡੀ ਤੇ ਵਿਖਿਆਨੀ
ਉੱਚੀਆਂ ਉੱਚੀਆਂ ਹੇਕਾਂ ਲਾਕੇ
ਕਰ ਵਿਖਾਵੇ
ਤੇਰੇ ਪੈਰੋਕਾਰ ਹੋਣ ਦਾ
ਭਰਮ ਪਾਲਦੇ

ਮੇਰਾ ਵੀ ਅੱਜ ਚਿੱਤ ਹੈ ਕਰਦਾ
ਤੇਰਾ ਜਨਮ ਦਿਹਾੜਾ ਬਾਬਾ
ਰੱਜ ਮਨਾਵਾਂ
ਮੈਲੇ ਮਨ ਨੂੰ
ਸ਼ਬਦ ਬਾਣੀ ਵਿੱਚ ਧੋ ਮਾਂਜ ਕੇ
ਚੁੱਪ ਦੀ ਡੂੰਘੀ ਤਹਿ ਵਿੱਚ ਜਾ ਕੇ
ਖਾਮੋਸ਼ੀ ਨੂੰ ਰੱਜ ਹੰਢਾਵਾਂ
ਪਾਕ ਪਵਿੱਤਰ ਵਾਕ ਦੇ ਮੂਹਰੇ
ਵੱਡਮੁੱਲੇ ਸਿਧਾਂਤ ਦੇ ਮੂਹਰੇ
ਸੀਸ ਝੁਕਾਵਾਂ
ਆਪਣੀ ਸ਼ਰਧਾ
ਰਾਜਨੀਤੀ ਦੀ ਗੋਲਕ ਦੀ ਥਾਂ
ਕਿਸੇ ਭੁੱਖੇ ਦੇ
ਮੂੰਹ ਵਿੱਚ ਪਾਵਾਂ

ਤੇਰੇ ਸੱਚੇ ਸੌਦੇ ਵਾਲੇ
ਰਾਹ 'ਤੇ ਚਲਦਿਆਂ
ਤੇਰੀ ਪੈੜ 'ਚ ਪੈਰ ਟਿਕਾ ਕੇ
ਸੱਚ ਹੰਢਾਵਾਂ
ਜ਼ਖ਼ਮੀ ਹੋਈ ਮਾਨਵਤਾ ਦੇ
ਜ਼ਖ਼ਮਾਂ ਉੱਤੇ
ਪਿਆਰਾਂ ਦੀ ਮੈਂ
ਮਲ੍ਹਮ ਲਾਵਾਂ
ਸੇਵ ਕਮਾਵਾਂ
ਲਾਹ ਭਰਮਾਂ ਦੇ ਸਾਰੇ ਪਰਦੇ
ਸੱਚੀਂ ਪੈਰੋਕਾਰ ਸਦਾਵਾਂ

## ਹੇ ਗੁਰੂ

ਹੇ ਗੁਰੂ
ਅਸੀਂ ਤੇਰੇ ਸ਼ਬਦ ਦੇ ਪੁਜਾਰੀ
ਤੇਰੀਆਂ ਸੂਰਜੀ ਪੈੜਾਂ ਦੇ ਪਾਂਧੀ
ਤੇਰੇ ਪੈਰੋਕਾਰ ਅਖਵਾਉਂਦੇ ਹਾਂ
ਪਰ ਸੱਚ ਇਹ ਹੈ ਕਿ
ਅਸੀਂ ਤੇਰੀਆਂ ਪੈੜਾਂ ਦੇਖ
ਘਬਰਾਉਂਦੇ ਹਾਂ।

ਸੱਚ ਵਰਸਾਉਂਦੀ
ਤੇਰੀ ਬਾਣੀ ਤੋਂ
ਰੇਸ਼ਮੀ ਰੁਮਾਲਾ ਲਾਹ
ਸ਼ਬਦ ਨਹੀਂ ਪੜ੍ਹਦੇ
ਅਰਥ ਨਹੀਂ ਸਮਝਦੇ
ਸਗੋਂ ਪੜ੍ਹੇ ਪੜ੍ਹਾਏ ਪਾਠਾਂ ਦੀ
ਸੇਵਾ ਕਰਦੇ ਹਾਂ
ਗੋਲਕ ਵਿੱਚ ਸਿੱਕਾ ਪਾ
ਕੂਲੇ ਵਿਛੌਣੇ 'ਤੇ
ਮੱਥਾ ਰਗੜ
ਸਿਰ ਝੁਕਾ
ਤੇਰੇ ਪੈਰੋਕਾਰ ਹੋਣ ਦਾ
ਭੁਲੇਖਾ ਪਾਲਦੇ ਹਾਂ।

ਲੈ ਸੁਣ
ਅਜੇ ਕੱਲ੍ਹ ਹੀ
ਅਲ਼ਮਾਰੀ 'ਚ ਪਈਆਂ
ਕਿਤਾਬਾਂ ਫਰੋਲਦਿਆਂ
ਕਿਤਾਬਾਂ ਤੇ ਜੰਮੀ ਮਿੱਟੀ
ਝਾੜਦਿਆਂ
ਤੇਰੀਆਂ ਉਦਾਸੀਆਂ ਦਾ ਨਕਸ਼ਾ
ਹੱਥ ਲਗਿਆ ਹੈ
ਤੂੰ ਕਿੱਥੋਂ ਚਲਿਆ
ਕਿੱਥੇ ਪੁੱਜਿਆ
ਮੋਢੇ ਤੇ ਸੱਚ ਦੀ ਪੋਟਲੀ ਲਟਕਾ
ਮਰਦਾਨੇ ਨੂੰ ਆਪਣਾ ਸਾਥੀ ਬਣਾ
ਦੂਰ ਦੂਰ ਤੱਕ ਜਾਂਦੀਆਂ
ਤੇਰੀਆਂ ਪੈੜਾਂ ਵੇਖ
ਤੇਰੇ ਪੈਰਾਂ 'ਚ ਪਈਆਂ
ਬਿਆਈਆਂ ਵੇਖ

ਤੇਰੇ ਤਨ ਤੇ ਜੰਮੀ ਮਿੱਟੀ ਵੇਖ
ਮੈਂ " ਵਾਹਿਗੁਰੂ " ਤਾਂ ਕਿਹਾ

ਪਰ ਤੇਰੀਆਂ ਇਹ ਲੰਬੀਆਂ
ਵਾਟਾਂ ਦਾ ਮਕਸਦ
ਤੇਰਾ ਉਪਦੇਸ਼
ਮੇਰੇ ਚੇਤਿਆਂ ਚੋਂ
ਨਿਕਲ ਗਿਆ ਹੈ
ਤੇ ਮੈਂ
ਕਾਗਜ਼ ਤੇ ਛਪੇ ਨਕਸ਼ੇ ਨੂੰ ਹੀ
ਮੱਥਾ ਟੇਕ ਲਿਆ ਹੈ ।

ਤੇਰੀ ਸੱਚੇ ਸੌਦੇ ਵਾਲੀ
ਸਾਖੀ ਵੀ ਯਾਦ ਹੈ
ਤੂੰ ਸੱਚਾ ਸੌਦਾ ਕਰ ਕੇ ਵਿਖਾਇਆ
ਤਾਂ ਜੋ ਅਸੀਂ
ਸੱਚੇ ਸੌਦਾਗਰ ਬਣੀਏ
ਸੱਚ ਦਾ ਵਿਉਪਾਰ ਕਰੀਏ
ਪਰ ਅਸੀਂ ਤਾਂ
ਸੱਚੇ ਸੌਦੇ ਦੇ ਨਾਮ ਤੇ ਚਲਦੇ
ਝੂਠੇ ਬਲਾਤਕਾਰੀ ਡੇਰਿਆਂ ਦੇ
ਪੈਰੋਕਾਰ ਬਣ ਗਏ
ਵੋਟਾਂ ਬਟੋਰ ਕੇ
ਸਮੇਂ ਸਮੇਂ ਸਿਰ ਸਰਕਾਰ ਬਣ ਗਏ

ਤੇ ਵੇਖ
ਅਸੀਂ ਆਪਣੀਆਂ
ਹੱਟੀਆਂ ਦੇ ਨਾਮ ਵੀ
ਤੇਰੇ ਨਾਮ ਤੇ ਰੱਖਦੇ ਹਾਂ
ਰੋਜ਼ ਸਵੇਰੇ

ਤੇਰੀ
ਸੋਭਾ ਸਿੰਘੀ ਫੋਟੋ ਨੂੰ
ਧੂਫ ਦਾ ਧੂੰਆਂ ਸੁੰਘਾ
ਹੱਟੀ ਖੋਲ੍ਹਦੇ ਹਾਂ
ਸਾਰਾ ਦਿਨ ਘੱਟ ਤੋਲਦੇ ਹਾਂ
ਤੇ ਮਲਿਕ ਭਾਗੋ ਬਣ
ਤੇਰੇ ਲਾਲੋਆਂ ਦੀ ਰੱਤ
ਨਿਚੋੜਦੇ ਹਾਂ।

ਤੱਤੀ ਤਵੀ ਦਾ ਸੇਕ
ਸਾਨੂੰ ਭੁੱਲ ਗਿਆ ਹੈ
ਏਅਰ ਕੰਡੀਸ਼ਨ ਕਮਰੇ ਵਿੱਚ ਬੈਠਾ
ਤੇਰਾ ਸਿੱਖ
ਰਾਜਨੀਤੀ ਦੀ ਤੱਕੜੀ 'ਤੇ
ਤੁੱਲ ਗਿਆ ਹੈ
ਚਮਕੌਰ ਦੀ ਗੜ੍ਹੀ ਤੇ
ਸਰਹੰਦ ਦੀ ਦੀਵਾਰ ਵੀ
ਹੁਣ ਕੱਚੀਆਂ ਨਹੀਂ ਰਹੀਆਂ
ਅਸੀਂ ਸੰਗਮਰਮਰੀ ਬਣਾ ਲਈਆਂ
ਹਨ
ਆਪ ਜਾਂ
ਆਪਣੇ ਪੁੱਤਰਾਂ ਨੂੰ
ਮੰਤਰੀ ਬਣਾਉਣ ਲਈ
ਵੋਟਾਂ ਹਥਿਆਉਣ ਲਈ
ਇਹਨਾਂ ਪਵਿੱਤਰ ਗੁਰ ਧਾਮਾਂ ਤੇ
ਚਗਲ ਰਾਜਨੀਤੀ ਦੀਆਂ
ਸਟੇਜਾਂ ਉਸਾਰਦੇ ਹਾਂ
ਝੂਠ 'ਚ ਲਿੱਬੜੇ ਭਾਸ਼ਣਾਂ ਨਾਲ
ਲੋਕਾਂ ਦੇ ਮਨਾਂ ਵਿੱਚ
ਭਰਮ ਭੁਲੇਖੇ ਪਾਲਦੇ ਹਾਂ

ਆਪਣੀ ਕਿਸਮ ਦੇ ਬਾਬਰ
ਅਬਦਾਲੀ ਬਣ
ਆਪਣੇ ਲੋਕਾਂ ਦੀਆਂ ਹਿੱਕਾਂ ਸਾੜਦੇ
ਹਾਂ।


ਦੁਸ਼ਮਣਾਂ ਨੂੰ ਪਾਣੀ ਪਿਲਾਉਂਦਾ
ਜ਼ਖ਼ਮਾਂ ਤੇ ਮੱਲ੍ਹਮ ਲਗਾਉਂਦਾ
ਤੇਰਾ ਪਿਆਰਾ ਭਾਈ ਘਨ੍ਹਈਆ
ਸਾਨੂੰ ਭੁੱਲ ਗਿਆ ਹੈ
ਹੁਣ ਤਾਂ ਅਸੀਂ ਆਪਣੀ
ਹਊਮੈ ਦੀ ਜਿੱਤ ਲਈ
ਇਕ ਦੂਸਰੇ ਦੀ ਪੱਗ ਉਤਾਰ
ਪੈਰਾਂ 'ਚ ਰੋਲਦੇ ਹਾਂ
ਇਕ ਦੂਜੇ ਦੀ ਦਾੜ੍ਹੀ ਨੋਚਦੇ ਹਾਂ
ਹੁਣ ਵੰਡ ਕੇ ਖਾਣਾ
ਦੂਰ ਦੀ ਗੱਲ
ਅਸੀਂ ਤਾਂ ਆਪਣਿਆਂ ਦੇ ਹੱਥੋਂ
ਖੋਹ ਕੇ ਖਾਣਾ ਸਿੱਖ ਲਿਆ ਹੈ
ਕੇਵਲ ਤੇ ਕੇਵਲ
ਆਪਣੇ ਪੇਟ ਨੂੰ ਹੀ
ਆਪਣੀ ਜ਼ਿੰਦਗੀ ਮਿੱਥ ਲਿਆ ਹੈ।

ਹੇ ਗੁਰੂ
ਮੈਂ ਕੀ ਕਹਾਂ
ਏਹੀ ਕਿ ਇਕ ਵਾਰ ਫੇਰਾ ਪਾ ਜਾ
ਸੜਦੀ ਬਲਦੀ ਧਰਤੀ ਉੱਤੇ
ਆਪਣਾ ਗੀਤ ਰਬਾਬੀ ਗਾ ਜਾ

ਪਰ ਮੈਂ ਤੈਨੂੰ
ਇਹ ਨਹੀਂ ਕਹਿਣਾ

ਕਿਉਂ ਕਿ
ਤੂੰ ਸਾਨੂੰ ਸ਼ਬਦ ਦਾ ਪੁਜਾਰੀ
ਬਣਾਇਆ ਹੈ
ਆਪਣੇ ਸਰੀਰ ਦੇ ਨਹੀਂ
ਆਪਣੀ ਸੋਚ ਦੇ ਲੜ ਲਾਇਆ ਹੈ
ਤੇਰਾ ਸ਼ਬਦ
ਤੇਰਾ ਸਿਧਾਂਤ
ਤੇਰੀ ਸੋਚ
ਜੋ ਚਾਨਣ ਹੈ
ਜੋ ਜੀਵਨ ਲਈ ਸੇਧ ਹੈ
ਜਿਹਦੇ ਵਿੱਚ
ਨਾ ਤੇਰ ਹੈ
ਨਾ ਮੇਰ ਹੈ
ਕੇਵਲ ਤੇ ਕੇਵਲ
ਸਰਬੱਤ ਹੈ
ਪਿਆਰ ਹੈ
ਅਪਣੱਤ ਹੈ
ਤੂੰ ਸਾਨੂੰ
ਆਪਣਾ ਸ਼ਬਦ
ਪੜ੍ਹਨ ਤੇ ਸਮਝਣ ਦੀ
ਸੁਮੱਤ ਬਖਸ਼
ਆਪਣੇ ਸੱਚੇ ਪੈਰੋਕਾਰ
ਤੇ ਇਨਸਾਨ ਬਣਨ
ਦਾ ਬੱਲ ਬਖਸ਼।

**ਸੁਰਿੰਦਰ ਗੀਤ**
**ਕੈਲਗਰੀ**
**+1(403) 605-3734**
**sgeetgill@gmail.com**







**ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਪ੍ਰਕਾਸ਼ਿਤ, ਪਰਵਾਸੀ ਪੰਜਾਬੀ ਸਾਹਿਤ 'ਤੇ ਆਧਾਰਿਤ ਅੰਗਰੇਜ਼ੀ ਅਤੇ ਹਿੰਦੀ ਦੀਆਂ ਆਲੋਚਨਾਤਮਕ ਪੁਸਤਕਾਂ**

## ਨਜ਼ਮ

## ਦਲਜਿੰਦਰ ਰਹਿਲ



ਦਲਜਿੰਦਰ ਰਹਿਲ ਇਟਲੀ ਵੱਸਦਾ ਪੰਜਾਬੀ ਕਾਵਿ ਦੇ ਖੇਤਰ ਵਿੱਚ ਇਕ ਨਿਵੇਕਲਾ ਨਾਂ ਹੈ। ਆਪਣੀ ਧਰਤੀ ਤੋਂ ਹਜ਼ਾਰਾਂ ਮੀਲ ਦੂਰ ਅਤੇ ਬਹੁਤ ਹੀ ਰੁੱਝੇ ਸਮਾਜ ਵਿੱਚ ਰਹਿੰਦਿਆਂ ਵੀ ਉਸ ਨੇ ਸੱਚੇ ਸੁੱਚੇ ਸ਼ਬਦਾਂ ਨਾਲ, ਕਵਿਤਾ ਨਾਲ ਬੜਾ ਹੀ ਖ਼ੂਬਸੂਰਤ ਰਿਸ਼ਤਾ ਜੋੜਿਆ ਹੋਇਆ ਹੈ।

### ਗੁਰੂ ਨਾਨਕ

ਇਕ ਓਅੰਕਾਰ ਦਾ ਹੋਕਾ ਦੇਂਦਾ,
ਭਲਾ ਸਰਬੱਤ ਮਨਾਉਂਦਾ ਨਾਨਕ।
ਹੱਕ ਸੱਚ ਦੀ ਕਰੇ ਕਮਾਈ,
ਬਾਤ ਕਿਰਤ ਦੀ ਪਾਉਂਦਾ ਨਾਨਕ।

ਧਰਤ ਆਕਾਸ਼ ਪਤਾਲ ਵਿਆਖੇ।,
ਮਨ ਮੰਦਰ ਰੁਸ਼ਨਾਉਂਦਾ ਨਾਨਕ।
ਨਾਨਕ ਦੀ ਬਾਣੀ ਨੂੰ ਸਮਝੋ।,
ਬਹੁਤ ਕੁੱਝ ਸਮਝਾਉਂਦਾ ਨਾਨਕ।

ਸਭ ਦਾ ਸਾਂਝਾ ਬਾਬਾ ਨਾਨਕ ,
ਸਭ ਨੂੰ ਕੋਲ ਬੁਲਾਉਂਦਾ ਨਾਨਕ।
ਸਰਬ ਧਰਮ ਦਾ ਏਕੋ ਦਾਤਾ ,
ਗੀਤ ਪਿਆਰ ਦੇ ਗਾਉਂਦਾ
ਨਾਨਕ।

ਕਰਮ ਕਾਂਡ ਦਾ ਖੰਡਨ ਕਰਦਾ ,
ਤਰਕ ਦਾ ਰਾਹ ਦਰਸਾਉਂਦਾ
ਨਾਨਕ।
ਰਾਹਗੀਰਾਂ ਨੂੰ ਮੰਜ਼ਿਲ ਬਖਸ਼ੇ ,
ਭਟਕਿਆਂ ਨੂੰ ਰਾਹ ਪਾਉਂਦਾ
ਨਾਨਕ।

ਨਾਨਕ ਨਾਮ ਜਹਾਜ ਜੋ ਚੜ੍ਹਦੇ ,
ਬੇੜੇ ਪਾਰ ਲੰਘਾਉਂਦਾ ਨਾਨਕ ।
ਮਲਿਕ ਭਾਗੋਆਂ ਨੂੰ ਠੁਕਰਾਵੇ।,
ਲਾਲੋਆਂ ਨੂੰ ਗੱਲ ਲਾਉਂਦਾ ਨਾਨਕ

ਧੁਰ ਦਰਗਾਹੋਂ ਉੱਤਰੀ ਬਾਣੀ ,
ਲੋਕਾਂ ਤੱਕ ਪੁਚਾਉਂਦਾ ਨਾਨਕ।
ਨਾਨਕ ਦਾ ਦਰ ਸਭ ਤੋਂ ਉੱਚਾ ,
ਸਭ ਦੇ ਦਰ ਨੂੰ ਭਾਉਂਦਾ ਨਾਨਕ।

ਨਾਨਕ ਨਾਮ ਦੇ ਪਹਿਰੇਦਾਰੋ ,
ਆਪਣੇ ਅੰਦਰ ਝਾਤੀ ਮਾਰੋ ।
ਕੀ ਕਹਿੰਦੀ ਨਾਨਕ ਦੀ ਬਾਣੀ ,
ਇਸਨੂੰ ਪੜ੍ਹਕੇ ਸੋਚ ਵਿਚਾਰੋ ।

ਆਪਣੀ ਨਿੱਜ ਪ੍ਰਸਤੀ ਖ਼ਾਤਰ ,
ਨਾਨਕ ਨਾਮ ਨਾ ਦਾਅ ਤੇ ਲਾਓ ।
ਵਿਸ਼ਵ ਧਰਮ ਦੇ ਇਸ ਹੋਕੇ ਨੂੰ।,
ਵਿਸ਼ਵ ਦੇ ਹਰ ਕੋਨੇ ਪਹੁੰਚਾਓ ।

ਦਲਜਿੰਦਰ ਰਹਿਲ
ਇਟਲੀ
00393272244388
dal.rahel@gmail.com

## ਨਜ਼ਮ

## ਗੁਰਦਰਸ਼ਨ ਬੱਲ



ਅਮਰੀਕਾ ਵੱਸਦਾ ਗੁਰਦਰਸ਼ਨ ਬੱਲ ਪੰਜਾਬੀ ਤੇ ਹਿੰਦੀ ਕਵਿਤਾ ਵਿੱਚ ਇੱਕੋ ਜਿਹੀ ਮੁਹਾਰਤ ਰੱਖਦਾ ਹੈ। ਤਿੰਨ ਵਾਰੀ ਪੰਜਾਬ ਸਟੇਟ ਐਵਾਰਡ, 1983 ਵਿੱਚ ਰਾਸ਼ਟਰਪਤੀ ਵੱਲੋਂ ਸਨਮਾਨ ਪੱਤਰ, 1988 ਵਿੱਚ ਸਟੇਟ ਕਲਾ ਐਵਾਰਡ, ਪ੍ਰਿੰਸ ਚਾਰਲਸ ਵੱਲੋਂ ਸਨਮਾਨ ਪੱਤਰ ਅਤੇ ਵਿਜੈ ਨਿਰਬਾਧ ਗ਼ਜ਼ਲ ਐਵਾਰਡ ਆਦਿ ਵੀ ਪ੍ਰਾਪਤ ਕਰ ਚੁੱਕਾ ਹੈ।

### ਬਾਬਾ ਨਾਨਕ

ਅੱਜ ਲੋੜ ਹੈ ਬਾਬਾ ਨਾਨਕ ਤੇਰੀ।  
ਅੱਜ ਥੋੜ ਹੈ ਬਾਬਾ ਨਾਨਕ ਤੇਰੀ।  
ਅੱਜ ਸਮੇਂ ਦਾ ਐਸਾ ਚੱਕਰ  
ਚੱਲਿਆ ਹੈ,  
ਬੰਦੇ ਨੂੰ ਬੰਦੇ ਦੀ ਕੋਈ ਪਹਿਚਾਣ  
ਨਹੀਂ।  
ਝੂਠ ਨੇ ਸੱਚ ਤੇ ਹੱਕ ਨੂੰ ਫਾਂਸੀ  
ਟੰਗਿਆ ਹੈ,  
ਹੁਸਨ ਤੇ ਇਜ਼ਤ ਅੱਜ ਚੌਰਾਹੇ  
ਵਿੱਕਦੀ ਹੈ।  
ਪੈਸਾ ਹੀ ਪ੍ਰਧਾਨ ਹੈ ਅੱਜ ਦੀ  
ਦੁਨੀਆ ਵਿੱਚ,  
ਬਿਨ ਪੈਸੇ ਦੇ ਇੱਜ਼ਤ ਨਾ  
ਇਨਸਾਨਾਂ ਦੀ।  
ਕੌਣ ਤੇਰੇ ਆਦਰਸ਼ਾਂ ਨੂੰ ਅੱਜ  
ਮੰਨਦਾ ਹੈ,  
ਕੌਣ ਦਿਲੋਂ ਤੇਰੀ ਬਾਣੀ ਨੂੰ ਪੜ੍ਹਦਾ  
ਹੈ  
ਮੂੰਹ ਵਿੱਚ ਤੇਰੀ ਬਾਣੀ,ਮਨ ਵਿੱਚ  
ਕਪਟ ਲਈ,  
ਪੈਰ-ਪੈਰ ਤੇ ਬੰਦਾ ਸੱਚ ਨੂੰ ਛਲਦਾ  
ਹੈ।  
ਚੋਰ-ਉਚੱਕੇ ਦੀ ਹਰ ਥਾਂ ਤੇ ਚੌਧਰ  
ਹੈ,  
ਲੋਕਾਂ ਨੂੰ ਜੋ ਲੁੱਟ ਸਕੇ,ਉਹ ਚਾਤਰ  
ਹੈ।  
ਬਲੈਕ,ਮਿਲਾਵਟ,ਹੇਰਾ-ਫੇਰੀ ਥਾਂ ਥਾਂ  
ਹੈ,  
ਅੱਜ ਬੰਦੇ ਦਾ ਬੰਦਾ ਬਣਿਆ ਵੈਰੀ  
ਹੈ।  
ਪਿਆਰ-ਨਿਮਰਤਾ ਇਸ ਦੁਨੀਆ  
ਵਿੱਚ ਕਿੱਥੇ ਹੈ  
ਹਰ ਇਕ ਦਿਲ ਵਿੱਚ ਨਫ਼ਰਤ ਦਾ  
ਅੰਗਿਆਰਾ ਹੈ।  
ਬਾਬਾ ਨਾਨਕ ਤੂੰ ਕੌਡੇ ਤੇ ਸੱਜਣ  
ਵਰਗੇ ਠੱਗਾਂ ਨੂੰ,  
ਆਪਣੀ ਬਾਣੀ ਸਿਉਂ ਇਨਸਾਨ  
ਬਣਾਇਆ ਸੀ।  
ਵਹਿਮਾਂ ਤੇ ਭਰਮਾਂ ਵਿੱਚ ਭੱਟਕੀ  
ਦੁਨੀਆ ਨੂੰ,  
ਪੁੱਠੇ ਰਾਹ ਤੋਂ ਸਿੱਧੇ ਰਾਹੇ  
ਪਾਇਆ ਸੀ।  
ਤੂੰ ਲਾਲੋ ਤੇ ਖ਼ੁਸ਼ ਹੋਇਆ ਕਿ  
ਉਸਨੇ ਤਾਂ

ਮਿਹਨਤ ਕਰਕੇ ਨੇਕ ਕਮਾਈ
ਕੀਤੀ ਸੀ।
ਲਾਲੋ ਦੀ ਸ਼ਰਧਾ ਦੀ ਮਿੱਸੀ ਰੋਟੀ
ਨੂੰ,
ਸੁਆਦ-ਸੁਆਦ ਜਿਹਾ ਹੋ ਕੇ
ਉਸਨੂੰ ਚੱਖਿਆ ਤੂੰ
ਪਰ ਤੈਨੂੰ ਤਾਂ ਮਲਕ ਭਾਗੋ ਦੀ
ਦਾਅਵਤ ਚੋਂ,
ਮਜ਼ਲੂਮਾਂ ਦੇ ਖ਼ੂਨ ਦੀ ਬਦਬੂ ਆਈ
ਸੀ,
ਛੱਤੀ ਭੋਜਨ ਤੈਨੂੰ ਚੰਗੇ ਲੱਗੇ ਨਾ
ਪਾਪ ਦੀ ਰੋਟੀ ਤੋਂ ਤੈਨੂੰ ਤਾਂ ਨਫ਼ਰਤ
ਸੀ।
ਤੂੰ ਬਾਬਰ ਜਿਹੇ ਜ਼ਾਲਮ ਤੋਂ ਵੀ
ਡਰਿਆ ਨਾ,
ਤੇਰੇ ਅੱਗੇ ਜਬਰ-ਜ਼ੁਲਮ ਵੀ
ਅੜਿਆ ਨਾ।
ਬਾਬਾ ਨਾਨਕ ਤੂੰ ਉਸ ਯੁੱਗ ਦਾ
ਸੂਰਜ ਸੀ,
ਜਿਸਦਾ ਚਾਨਣ ਅੱਜ ਵੀ ਸਾਡੇ
ਤੀਕਰ ਹੈ।
ਪਰ ਸੱਚ ਹੀ ਕੇਵਲ ਉਸ ਚਾਨਣ
ਨੂੰ ਜਾਣ ਸਕੇ,
ਸੱਚਾ ਮਾਨਵ ਹੀ ਚਾਨਣ ਪਹਿਚਾਣ
ਸਕੇ।
ਬੀਤੇ ਯੁੱਗ ਨੂੰ ਮਾਨਵਤਾ ਦੱਸੀ ਸੀ
ਸਾਡੇ ਯੁੱਗ ਨੂੰ ਕੌਣ ਭਲਾ ਦੱਸੂ
ਤੇਰੇ ਯੁੱਗ ਵਿੱਚ ਇਕ ਕੌਡਾ,ਇੱਕ
ਸੱਜਣ ਸੀ,
ਸਾਡੇ ਯੁੱਗ ਵਿੱਚ ਲੱਖਾਂ
ਕੌਡੇ-ਸੱਜਣ ਹਨ।
ਦਿਨ-ਦਿਹਾੜੇ ਲੋਕਾਂ ਦਾ ਰੱਤ ਪੀਂਦੇ
ਹਨ
ਮਿੱਤਰ ਬਣਕੇ ਮਾਨਵਤਾ ਨੂੰ ਠੱਗਦੇ
ਹਨ।
ਭਾਗੋ ਵਰਗੇ ਅੱਜ ਅਨੇਕਾਂ ਨੇ
ਇੱਥੇ
ਜੋ ਬਲੈਕ, ਮਿਲਾਵਟ, ਹੇਰਾ-ਫੇਰੀ
ਕਰਦੇ ਹਨ,
ਚੌਰਾਹੇ ਵਿੱਚ ਲੋਕਾਂ ਦਾ ਗਲ਼
ਕੱਟਦੇ ਹਨ।
ਜਬਰ-ਜ਼ੁਲਮ,ਅਨਿਆਂ ਦੀ ਚੱਕੀ
ਚੱਲਦੀ ਹੈ,
ਭੁੱਖੀ-ਨੰਗੀ ਜਨਤਾ ਨੂੰ ਜੋ ਦੱਲ਼ਦੀ
ਹੈ।
ਇਨਸਾਨਾਂ ਦੇ ਚੋਲੇ ਵਿੱਚ ਸ਼ੈਤਾਨ
ਫਿਰਨ,
ਅੱਜ ਦੇ ਯੁੱਗ ਵਿੱਚ ਮਾਨਵ
ਮਿਲਣਾ ਮੁਸ਼ਕਿਲ ਹੈ।
ਦਾਨਵ ਨੇ ਮਾਨਵਤਾ ਸੂਲ਼ੀ ਟੰਗੀ ਹੈ
ਸ਼ੈਤਾਨੀ ਅੱਜ ਨੰਗੀ ਹੋ ਕੇ ਨੱਚੀ
ਹੈ।
ਇਸੇ ਲਈ ਇਹ ਝੂਠ ਨਹੀਂ ਬਾਬਾ
ਨਾਨਕ
ਤੇਰੇ ਬਿਨ ਇਸ ਯੁੱਗ ਦਾ
ਕਲਿਆਣ ਨਹੀਂ,
ਤੇਰੇ ਬਿਨ ਇਸ ਯੁੱਗ ਤੋਂ ਕਾਲਖ਼
ਲਹਿਣੀ ਨਹੀਂ,
ਤੇਰੇ ਬਿਨ ਇਸ ਯੁੱਗ ਨੇ ਨੂਰੀ
ਹੋਣਾ ਨਹੀਂ।
ਅੱਜ ਲੋੜ ਹੈ ਬਾਬਾ ਨਾਨਕ ਤੇਰੀ।
ਅੱਜ ਥੋੜ੍ਹ ਹੈ ਬਾਬਾ ਨਾਨਕ ਤੇਰੀ।

**ਗੁਰਦਰਸ਼ਨ ਬੱਲ**
**ਅਮਰੀਕਾ**
**609-239-2521**
**balgurdarshan@yahoo.com**

## ਨਜ਼ਮਾਂ

## ਡਾ. ਅਮਰਜੀਤ ਟਾਂਡਾ



ਅਮਰਜੀਤ ਟਾਂਡਾ ਸਿਡਨੀ ਵੱਸਦਾ ਉਹ ਸਾਹਿਤਕਾਰ ਹੈ, ਜਿਸਨੇ ਕਵਿਤਾ ਦੇ ਨਾਲ ਨਾਲ ਗਲਪ ਵਿੱਚ ਵੀ ਆਪਣੀ ਹਾਜ਼ਰੀ ਲੁਆਈ ਹੈ। ਪੰਜ ਕਾਵਿ ਪੁਸਤਕਾਂ ਤੋਂ ਇਲਾਵਾ ਤਿੰਨ ਨਾਵਲ ਵੀ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ। ਉਹਨਾਂ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਸਾਹਿਤ ਲਈ ਬਦੇਸ਼ ਵਿੱਚ ਦੇਣ ਵਾਸਤੇ ਸਾਲ 2008 ਦਾ ਸਨਮਾਨ ਵੀ ਮਿਲ ਚੁੱਕਾ ਹੈ।

### ਸੂਰਜ ਦੀ ਸੋਚ, ਸਰਘੀ ਦਾ ਸੁਪਨਾ ਨਾਨਕ

ਨਾਨਕ ਪੰਥ ਦਾ ਰੰਗ
ਨਿਜ ਅਤੇ ਧੁਰੋ ਦੀ ਰੱਖਿਆ ਪ੍ਰਤੀ
ਜਾਗ੍ਰਿਤੀ
ਵਿਸ਼ਵ ਇਤਿਹਾਸ ਦਾ ਲਾਸਾਨੀ
ਫਿਲਾਸਫਰ
ਅਧਿਆਤਮਕ ਆਗੂ, ਅਮਰ
ਸਾਹਿਤਕਾਰ ਦਰਵੇਸ਼,

ਰਚਨਾਤਮਿਕ ਪ੍ਰਤਿਭਾ ਇਲਾਹੀ
ਸ਼ਖਸੀਅਤ

ਰੂਹਾਨੀ ਸੂਰਜ
ਧਰਮ ਨਿਰਪੱਖਤਾ ਦਾ ਅਨੂਠਾ
ਸੁਮੇਲ
ਲਾਸਾਨੀ ਸ਼ੈਲੀ
ਅਕਾਲ ਉਸਤਤਿ ਦਾ ਰਚੇਤਾ

ਬ੍ਰਹਿਮੰਡ ਪਸਾਰੇ ਦੀ ਮਹਿਮਾ
ਗਾਇਨ
ਵਹਿਮਾਂ ਭਰਮਾਂ ਤੇ ਪਾਖੰਡ ਦਾ
ਵਿਰੋਧ

ਪ੍ਰਤੀਨਿਧ ਬਾਣੀ ਦਾ ਰਾਗ
ਸ਼ਬਦ ਦੀਪਕ ਖੰਡਨ ਵਹਿਮਾਂ ਦਾ
ਵਿਚਾਰਧਾਰਕ ਪਰਿਪੇਖ ਦੀ
ਪੇਸ਼ਕਸ਼
ਰਾਗ, ਲੈਅ ਅੰਤਰੀਵਤਾ ਕਾਵਿ
ਕੌਸ਼ਲਤਾ

ਸਾਗਰਾਂ ਵਰਗੀ ਡੂੰਘਾਈ, ਨੀਝ,
ਵਿਸਥਾਰ
ਸ਼ਬਦ ਸੋਚ ਵਿਸ਼ਾਲਤਾ ਢੁਕਵੇਂ
ਅਲੰਕਾਰ,
ਵੱਖਰੀ ਧਾਰਾ ਅਧਿਆਤਮਕ
ਅਨੁਭਵ,
ਗੁਰਮਤਿ ਵਿਚਾਰਧਾਰਾ ਦਾ ਨਿਰੰਤਰ
ਅਤੇ ਸਹਿਜ ਵਿਕਾਸ ਸਿਰਜਕ

ਮੂਲਭੂਤ ਮਾਨਵੀ ਅਧਿਕਾਰਾਂ ਲਈ
ਡਟ ਕੇ ਖਲੋਣ ਵਾਲਾ

ਕੌਮ ਦਾ ਰਚਨਹਾਰਾ ਰਹਿਬਰ
ਜਬਰ ਦੀ ਅਧੀਨਗੀ ਨੂੰ
ਅਪ੍ਰਵਾਨਤ
ਕਰਨ ਵਾਲਾ ਜਗਤ ਫੱਕਰ

ਮੰਦਿਰ ਮਸਜਿਦ,ਪੂਜਾ ਅਤੇ ਨਮਾਜ਼

ਸੱਭ ਨੂੰ ਸਮਾਨ ਕਹਿਣ ਵਾਲਾ
ਨਨਕਾਣਵੀ

ਮਹਾਂਪੁਰਸ਼ ਧਰਮ ਕਰਮਵੀਰ,
ਦਾਨਵੀਰ ਤੇ ਦਯਾਵੀਰ
ਮਿਟੀ ਧੁੰਧ ਜਗਿ ਚਾਨਣੁ ਕਰਨ
ਵਾਲਾ ਸੂਰਜ
ਤਲਵੰਡੀ ਦੀ ਮਿੱਟੀ ਵੇਈਂ ਦੀਆਂ
ਲਹਿਰਾਂ ਦਾ ਸੰਗੀਤ

ਜਨ-ਮਾਨਸ ਨੂੰ ਕਰੁਣਾ ਦਾ ਅੰਮ੍ਰਿਤ
ਬੋਲ
ਮਾਰਗ ਦਰਸ਼ਨ ਲੋਕਾਈ ਦਾ
ਨਵੇਂ ਆਦਰਸ਼ਾਂ ਦਾ ਸੰਸਥਾਪਕ
ਸੰਸਾਰ ਨੂੰ ਗਿਆਨ ਰਿਸ਼ਮਾਂ ਵੰਡਣ
ਵਾਲਾ ਜੁਗਪੁਰਸ਼

ਰਾਜਨੀਤਕ, ਸਮਾਜਿਕ, ਧਾਰਮਿਕ,
ਆਰਥਿਕ
ਅਤੇ ਸੱਭਿਆਚਾਰਕ ਗਿਰਾਵਟ
ਵੇਲੇ ਦਾ ਜਗਿਆਸੂ ਪੀਰ

ਮਕਸਦ ਨੂੰ ਸਨਮੁੱਖ ਰੱਖ ਅਮਲ
ਕਰਨ ਵਾਲੀ
ਭਾਰਤੀ ਜੀਵਨ ਦੀ ਡੂੰਘੀ ਨੀਝ

ਧਾਰਮਿਕ ਅੰਧਕਾਰ, ਸਮਾਜਿਕ
ਗਿਰਾਵਟ
ਅਤੇ ਰਾਜਸੀ ਅਨਿਆਂ ਨੂੰ ਆਪਣੀ
ਬਾਣੀ ਵਿਚ
ਚਿਤਰਣ ਤੇ ਕਰੜੀ ਪੜਚੋਲ ਕਰਨ
ਵਾਲੀ ਸੋਚ ਮੁਹੱਬਤ

'ਸਭੇ ਸਾਂਝੀਵਾਲ ਸਦਾਇਨਿ'
ਧਰਮ ਦੀ ਨੀਂਹ ਰੱਖਣ ਵਾਲਾ
ਇਲਾਹੀ ਨਾਦ ਦੁਨੀਆ ਦਾ
ਮਨੁੱਖਤਾ ਦੇ ਆਲ-ਦੁਆਲੇ
ਖੜ੍ਹੀਆਂ
ਵਲਗਣਾਂ ਨੂੰ ਖ਼ਤਮ ਕਰ ਸੁਤੰਤਰਤਾ
ਦਾ ਪ੍ਰਸੰਗ ਅੰਬਰ ਛੂੰਹਦਾ ਪਰਚਮ

ਬਹੁਮੁਖੀ ਪ੍ਰਤਿਭਾ ਦਾ ਸੁਆਮੀ
ਆਦਰਸ਼ ਸ਼ਖ਼ਸੀਅਤ
ਸਚਾਈ, ਪ੍ਰੇਮ, ਸਿਮਰਨ, ਸੇਵਾ ਤੇ
ਸ਼ਕਤੀ ਦਾ ਪੁੰਜ

ਸਦੀਆਂ ਤੋਂ ਚਾਨਣ ਮੁਨਾਰਾ ਲੱਖਾਂ
ਸਿਤਾਰਿਆਂ ਦਾ
ਸਰਬਕਾਲੀਨ ਮਹਾਨ ਸੰਦੇਸ਼ ਮਾਰਗ
ਗੁਰ-ਪੀਰ

ਜਗਤ ਗੁਰੂ
ਜੀਵਨ ਸਮੱਸਿਆਵਾਂ ਦਾ ਗਹਿਰਾ
ਅਧਿਐਨ
ਜੀਵਨ-ਜਾਚ ਸਿਖਾਉਣ ਵਾਲਾ
ਰਾਹਗੀਰ

ਸੱਚੀ ਸਿੱਖਿਆ ਦੇਣ ਵਾਲਾ
ਅਧਿਆਪਕ

ਦੇਸ਼-ਦੇਸਾਂਤਰਾਂ ਦੀਆਂ ਯਾਤਰਾਵਾਂ
ਕਰਨ ਵਾਲਾ ਯਾਤਰੂ
ਜਿਹਦੀਆਂ ਯਾਤਰਾਵਾਂ
ਚਲਦੀਆਂ-ਫਿਰਦੀਆਂ
ਪਾਠਸ਼ਾਲਾਵਾਂ
ਗਿਆਨ ਦਾ ਮੀਂਹ ਮਹਿਕਦੀ ਪਵਨ

ਸਮੇਂ ਦੇ ਸ਼ਾਸਕਾਂ ਨੂੰ
ਸੁਤੰਤਰ ਵਿਚਾਰਾਂ ਨਾਲ ਕੈਦ ਕਰਨ
ਵਾਲਾ
ਦੋਸ਼ੀਆਂ ਕੋਲੋਂ ਦੋਸ਼ ਦਾ
ਦਲੀਲ ਨਾਲ ਇਕਬਾਲ ਕਰਵਾਉਣ
ਵਾਲਾ ਨਿਆਰਾ ਜੱਜ

ਰਾਜਨੀਤਕ ਹਲਚਲ ਤੇ
ਅਰਾਜਕਤਾ ਸਮੇਂ ਬਿਆਨਣ ਵਾਲਾ
'ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ
ਨਾਹੀ ਕਹ ਚੜਿਆ'

ਖ਼ੂਨ ਦੀਆਂ ਨਦੀਆਂ ਵਹਿੰਦੀਆਂ
ਦੇਖ
ਬਾਬਰ ਨੂੰ ਜਾਬਰ ਕਹਿਣ ਵਾਲਾ
ਸਮੇਂ ਦਾ ਬਾਗ਼ੀ
ਪਾਪ ਕੀ ਜੰਞ ਲੈ ਕਾਬਲਹੁ
ਧਾਇਆ ਜੋਰੀ ਮੰਗੈ ਦਾਨੁ ਵੇ
ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ॥

ਧਾਰਮਿਕ ਪਰਪੰਚਾਂ ਅਤੇ
ਫੋਕੇ ਰੀਤੀ੍ਰਿਵਾਜਾਂ ਨੂੰ ਖੋਰਨ ਵਾਲਾ
ਦਰਿਆ

ਰਾਜੇ, ਧਨਵਾਨ ਅਤੇ ਸ਼ਾਸਕਾਂ ਨੂੰ
ਪੁਕਾਰਨ ਵਾਲੀ ਉੱਚੀ ਸੁੱਚੀ
ਨਿਡਰ ਆਵਾਜ਼
ਰਾਜ ਸਭਾਵਾਂ ਨਰਿਤਕਾਵਾਂ
ਤੇ ਜਾਦੂਗਰਾਂ ਦੇ ਕੇਂਦਰਾਂ ਨੂੰ ਢਾਉਣ
ਵਾਲਾ ਸੂਰਬੀਰ ਬਲਵਾਨ

ਰਾਜਿਆਂ ਦੇ ਕਾਮਵਾਸ਼ਨਾ ਵਾਲੇ
ਹਰਮਾਂ
ਸਤੀ ਹੋਣ ਦੇ ਆਮ ਰਿਵਾਜਾਂ ਨੂੰ
ਰੋਕ ਲਾਉਣ ਵਾਲਾ ਪਰਬਤ
ਨਾਰੀ ਦੇ ਹੱਕ ਵਿਚ
'ਸੋ ਕਿਉ ਮੰਦਾ ਆਖੀਐ ਜਿਤੁ
ਜੰਮਹਿ ਰਾਜਾਨ'
ਕਹਿਣ ਵਾਲੀ ਕੁਰੀਤੀਆਂ ਵਿਰੁੱਧ
ਬੁਲੰਦ ਹਉਕਾ ਅੰਬਰੀ ਆਵਾਜ਼

ਲੋਕਾਂ ਦੀ ਸੇਵਾ
ਚੰਗੇ ਸਮਾਜ ਦਾ ਨਿਰਮਾਣ
ਕਿਰਤ ਕਰਨ, ਨਾਮ ਜਪਣ, ਤੇ
ਵੰਡ ਛਕਣ ਦਾ
ਇਲਾਹੀ ਪ੍ਰਤੀਕ ਮਧੁਰ ਨਗ਼ਮਾ

ਸਾਂਝੀਵਾਲਤਾ, ਭਾਈਚਾਰੇ
ਅਤੇ ਰਾਸ਼ਟਰੀ ਏਕਤਾ ਦਾ ਸਾਂਝਾ
ਉਪਦੇਸ਼
ਹਰ ਦੇਸ਼ ਕੌਮ ਪ੍ਰਾਣੀ ਲਈ ਸੇਧ
ਮਾਰਗ ਜੀਵਨ ਫ਼ਲਸਫ਼ਾ

ਸੱਚ ਦਾ ਪਾਂਧੀ
ਸ਼ਾਂਤੀ ਤੇ ਮਾਨਵ ਏਕਤਾ ਦਾ
ਚਹੇਤਾ
ਸ੍ਰਿਸ਼ਟੀ ਦਾ ਕਲਿਆਣ ਕਰਨਹਾਰਾ
ਚਾਹਵਾਨ

'ਜਗਤੁ ਜਲੰਦਾ ਰਖਿ ਲੈ ਆਪਣੀ
ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ
ਉਬਾਰਿ॥'
ਰਾਗ ਸ਼ਬਦ ਰਚਣਹਾਰਾ

ਲੋਕਾਈ ਨੂੰ ਇੱਕ ਰੱਬ ਦਾ ਸੁਨੇਹਾ
ਆਪਣੀ ਬਣਾਈ ਖ਼ਲਕਤ ਵਿੱਚ
ਹਾਦਰ ਅਤੇ ਦਾਇਮ ਸਚਾਈ ਦੀ
ਹਕੀਕਤ
ਬਰਾਬਰਤਾ, ਬਰਾਦਰਾਨਾ ਪਿਆਰ,
ਇਤਫ਼ਾਕ, ਚੰਗਿਆਈ ਅਤੇ ਗੁਣ
ਅਨੋਖਾ ਰੂਹਾਨੀ, ਸਮਾਜਕ, ਤੇ
ਸਿਆਸੀ ਰਾਹ
ਜਪੁਜੀ ਸਾਹਿਬ, ਆਸਾ ਦੀ ਵਾਰ
ਅਤੇ ਸਿੱਧ-ਗੋਸਟ ਦੀ ਕਲਮ
ਸਿੱਖ ਮਜ਼੍ਹਬੀ ਯਕੀਨ
ਹੁਰਮਤ, ਦਿੱਵਤਾ ਅਤੇ ਧਾਰਮਕ
ਇਖਤਿਆਰ ਵਾਲ਼ੀ ਇਲਾਹੀ ਜੋਤ
ਦਸ ਗੁਰੂਆਂ ਵਿੱਚ ਬੈਠਾ ਲਿਸ਼ਕਦਾ
ਸੂਰਜ
ਸਿੱਖੀ ਦਾ ਆਗ਼ਾਜ਼
ਮੌਲਿਕ ਯਕੀਨ, ਮੁਕੱਦਸ
ਗੁਰੂ ਗ੍ਰੰਥ ਸਾਹਿਬ ਦਾ ਰਚਣਹਾਰਾ

ਕਣਕਾਂ ਨਾਲ ਭੜੋਲੇ ਕੋਠੀਆਂ ਭਰਨ
ਵਾਲਾ
ਕਰਤਾਰਪੁਰ ਦੇ ਖੇਤਾਂ ਦਾ
ਸ਼ਹਿਨਸ਼ਾਹ ਬਾਦਸ਼ਾਹ
ਅੰਨ ਦਾਤਾ ਲੋਕਾਈ ਦਾ
ਅਨੋਖਾ, ਸੱਚਾ ਸੁੱਚਾ ਤੇ
ਇਨਕਲਾਬੀ ਰਿਸ਼ਮਾਂ ਵਾਲਾ
ਸੰਸਕਾਰ
ਤੇਰਾ ਤੇਰਾ ਕਹਿ ਲੁਟਾਉਣ ਵਾਲਾ
ਅਨੋਖਾ ਹੱਟਬਾਣੀਆ
ਸਾਰੇ ਪੈਸੇ ਭੁੱਖ ਮਿਟਾਉਣ ਲਈ
ਲੇਖੇ ਲਾਉਣ ਵਾਲਾ
ਕਾਲੂ ਦਾ ਨਵਾਂ ਬਿਜ਼ਨਸਮੈਨ

ਧੁਰ ਕੀ ਬਾਣੀ ਵਿਚ
ਤਰੰਗਿਤ ਹੋ ਜਾਣ ਵਾਲਾ ਤੜਕੇ ਦਾ
ਸੰਗੀਤ
ਸ਼ਬਦ ਸੁਚੇਤ ਪੱਧਰ ਤੋਂ ਉਪਰ
ਬੈਠਾ ਪਾਤਸ਼ਾਹ

ਸੱਚ ਦੇ ਸਫ਼ਿਆਂ ਨੂੰ ਥੱਲਣ ਵਾਲਾ
ਨਿਰਾਲਾ ਸੰਕਲਪ
ਸਵੇਰਿਆਂ ਦਾ ਨਿੱਤ ਨਵਾਂ ਸੂਰਜ
ਨਵੀਂ ਪੈੜ ਤੇ ਸਰ੍ਹੋਂ ਦੇ ਫੁੱਲਾਂ
ਵਰਗਾ ਤਾਰੀਖ਼ ਦਾ ਪੰਨਾ
ਇਨਸਾਨੀਅਤ ਦਾ ਗੌਰਵ
ਸਵੈ-ਮਾਣ
ਅੰਬਰ ਦੇ ਬਨੇਰੇ 'ਤੇ ਅਰਸ਼ ਵਰਗਾ
ਸਤੰਭ ਮੀਨਾਰ
ਤਾਰੀਖ ਦੇ ਪੰਨੇ ਤੇ ਚਿੰਤਨ ਅਤੇ
ਚੇਤਨ ਦਾ ਨਵਾਂ ਅਧਿਆਇ


ਸੁੰਨੇ ਵਿਹੜਿਆਂ ਦੀ ਰੌਣਕ ਗੀਤ
ਤੇ ਸੋਚ

ਲਤਾੜੀਆਂ ਰੂਹਾਂ ਦੀ ਪੀੜਤ
ਆਤਮਾ
ਸਵੈਮਾਣ ਦਾ ਦੀਪਕ
ਕੌਮ ਦੀ ਸੁਰਤਿ ਵਿਚ ਸ਼ਬਦ ਦੀ
ਉਪਾਸਨਾ
ਸੰਗਮ ਰਾਗ ਸ਼ਬਦ ਦਾ
ਖਾਲਸ ਹਾਰ ਰੰਗ ਬਿਰੰਗੇ ਤੇ
ਸੂਹੀਆਂ ਫੁੱਲ ਪੱਤੀਆਂ ਦਾ
ਕਿਰਤ ਦੇ ਪੋਟਿਆਂ ਤੇ ਲਿਖਿਆ
ਨੇਕੀ ਦਾ ਗੀਤ

ਰੱਬ ਨਿਸ਼ਚਾ ਅਤੇ ਬੰਦਗੀ,
ਇਨਸਾਨੀਅਤ ਦਾ ਇਤਫ਼ਾਕ,
ਸਮਾਜਕ ਇਨਸਾਫ਼ ਲਈ ਉੱਦਮ
ਇਮਾਨਦਾਰ ਵਤੀਰਾ ਅਤੇ ਘਰੇਲੂ
ਜ਼ਿੰਦਗੀ ਦਾ ਰਿਸ਼ਤਾ ਤੇ ਰਸਤਾ
ਦਲੀਲ ਦਾ ਮਾਡਲ
ਸੂਰਜ ਦੀ ਸੋਚ, ਸਰਘੀ ਦੀ ਮਾਂਗ
ਚੋਂ ਜਨਮਦਾ ਪਹਿਲਾ ਸੁਪਨਾ
ਸੁਬ੍ਹਾ ਦਾ ਪਹਿਲਾ ਨਗ਼ਮਾ
ਅਰਸ਼ ਦੀ ਕਿੱਲੀ ਤੇ ਟੰਗੀ ਨਵੀਂ
ਤਰਜ਼
ਰਬਾਬ ਦੀਆਂ ਤਾਰਾਂ ਦੀ ਪਹਿਲੀ
ਕੰਬਣੀ

**ਡਾ. ਅਮਰਜੀਤ ਟਾਂਡਾ**
**ਅਮਰੀਕਾ**
**0417271147**
**drtanda101@gmail.com**




**ਗੁਰਭਜਨ ਗਿੱਲ ਪੰਜਾਬੀ ਜ਼ੁਬਾਨ ਦਾ ਉਹ ਸ਼ਾਇਰ ਹੈ, ਜਿਸ ਨੂੰ ਗੀਤ, ਗ਼ਜ਼ਲ ਅਤੇ ਕਵਿਤਾ ਵਿਚ ਇੱਕੋ ਜਿਹੀ ਮੁਹਾਰਤ ਹਾਸਿਲ ਹੈ।**

**ਨਜ਼ਮ**

## ਸੁਰਜੀਤ ਸੰਧੂ



ਆਸਟ੍ਰੇਲੀਆ ਵਿੱਚ ਵੱਸਦਾ ਸੁਰਜੀਤ ਸੰਧੂ ਪੰਜਾਬੀ ਜ਼ੁਬਾਨ ਦਾ ਉਹ ਗੀਤਕਾਰ ਹੈ ਜਿਸਨੇ ਥੋੜੇ ਸਮੇਂ ਵਿੱਚ ਹੀ ਆਪਣੇ ਸਾਫ ਸੁਥਰੇ ਗੀਤਾਂ ਨਾਲ ਵੱਖਰਾ ਮੁਕਾਮ ਬਣਾਇਆ ਹੈ।

### ਮੇਰਾ ਨਾਨਕ

ਮਾਂ ਤ੍ਰਿਪਤਾ ਦੀ ਅੱਖ ਦਾ ਤਾਰਾ,
ਪਿਤਾ ਕਾਲੂ ਦਾ ਰਾਜ ਦੁਲਾਰਾ,
ਗੁਰੂ ਨਾਨਕ-ਮੇਰਾ ਨਾਨਕ,
ਗੁਰੂ ਨਾਨਕ-ਮੇਰਾ ਨਾਨਕ
ਨਾਨਕੀ ਦਾ ਹੈ ਵੀਰ ਪਿਆਰਾ,
ਸਭ ਦੇ ਦਿਲ ਦੀ ਜਾਨਣਹਾਰਾ,
ਗੁਰੂ ਨਾਨਕ-ਮੇਰਾ ਨਾਨਕ,
ਗੁਰੂ ਨਾਨਕ-ਮੇਰਾ ਨਾਨਕ

ਵਿੱਚ ਨਨਕਾਣੇ ਪੈਦਾ ਹੋਇਆ
ਸਤਿਗੁਰ ਨੂਰ ਇਲਾਹੀ,
ਸਭ ਦਾ ਸਾਂਝਾ ਸਭ ਦਾ ਪਿਆਰਾ
ਖਲਕਤ ਭਰੇ ਗਵਾਹੀ,
ਨੀਵਿਆਂ ਨੂੰ ਹੈ ਗਲ ਨਾਲ ਲਾਉਂਦਾ
ਬਣ ਕੇ ਖੜੇ ਸਹਾਰਾ।
ਗੁਰੂ ਨਾਨਕ-ਮੇਰਾ ਨਾਨਕ,
ਗੁਰੂ ਨਾਨਕ-ਮੇਰਾ ਨਾਨਕ।
ਮੋਦੀਖਾਨੇ ਦੇ ਵਿੱਚ ਬੈਠਾ
ਤੇਰਾਂ-ਤੇਰਾਂ ਤੋਲੇ,
ਲੰਗਰ ਛਕਾਉਂਦਾ ਭੁਖਿਆਂ ਨੂੰ ਤੇ
ਵਾਹਿਗੁਰੂ ਵਾਹਿਗੁਰੂ ਬੋਲੇ,
ਦੁਨੀਆ ਵਿੱਚ ਨਿਰੰਤਰ ਚੱਲੇ
ਲਾਇਆ ਤੇਰਾ ਭੰਡਾਰਾ,

ਕਿਰਤ ਕਰੋ ਤੇ ਵੰਡ ਛਕੋ ਜੀ
ਨਾਮ ਵੀ ਜਪੀਏ ਭਾਈ।
ਦੁਨੀਆਦਾਰੀ ਦੇ ਵਿੱਚ ਰਹਿਕੇ
ਸੁਰਤ ਇੱਕੋ ਨਾਲ ਲਾਈ
ਇੱਕ ਦਾਤਾ ਦਾਤਾਰ ਪਾਤਿਸ਼ਾਹ
ਸਭ ਦਾ ਪਾਲਣਹਾਰਾ,
ਗੁਰੂ ਨਾਨਕ-ਮੇਰਾ ਨਾਨਕ,
ਗੁਰੂ ਨਾਨਕ-ਮੇਰਾ ਨਾਨਕ

ਪਵਨ ਗੁਰੂ ਤੇ ਪਿਤਾ ਹੈ
ਪਾਣੀ ਧਰਤੀ ਮਾਤਾ ਸਾਰੀ,
ਸੀਸ ਝੁਕਾਵੇ ਜਿਸ ਦੇ ਅੱਗੇ
ਸੁਰਜੀਤ ਸੰਧੂ ਲਿਖਾਰੀ,
ਹੱਥ ਜੋੜ ਅਰਜ਼ੋਈਆਂ ਕਰਦਾ
ਬਖ਼ਸ਼ ਲੈ ਬਖਸ਼ਣਹਾਰਾ,
ਗੁਰੂ ਨਾਨਕ-ਮੇਰਾ ਨਾਨਕ,
ਗੁਰੂ ਨਾਨਕ-ਮੇਰਾ ਨਾਨਕ

**ਸੁਰਜੀਤ ਸੰਧੂ (ਅਜੀਤਵਾਲ)**
**ਬ੍ਰਿਸਬੇਨ ,ਆਸਟ੍ਰੇਲੀਆ**
**sandhus1978@icloud.com**

## ਨਜ਼ਮ

## ਗੁਰਮੇਲ ਕੌਰ ਸੰਘਾ



ਗੁਰਮੇਲ ਕੌਰ ਸੰਘਾ ਲੰਡਨ ਵੱਸਦੀ ਉਹ ਕਵਿੱਤਰੀ ਹੈ, ਜੋ ਸਮਾਜ ਵਿੱਚ ਵਾਪਰਦੀਆਂ ਘਟਨਾਵਾਂ ਨੂੰ ਬੜੇ ਗਹੁ ਨਾਲ ਵੇਖਦੀ ਹੈ, ਮਹਿਸੂਸ ਕਰਦੀ ਹੈ ਅਤੇ ਉਹਨਾਂ ਨੂੰ ਆਪਣੀਆਂ ਕਵਿਤਾਵਾਂ ਵਿੱਚ ਰੂਪਮਾਨ ਕਰਦੀ ਹੈ।

### ਬਾਬੇ ਨਾਨਕ ਦਾ ਸੰਦੇਸ਼

ੴ ਦਾ ਮਤਲਬ ਹੈ ਇਕ ਰੱਬ
ਸੱਚਾ, ਜਿਸ ਸਾਜੀ ਖ਼ਲਕਤ।
ਨਾ ਉਹ ਡਰਾਵੇ, ਨਾ ਹੀ ਡਰਦਾ
ਨਾ ਕਿਸੇ ਨਾਲ ਵੈਰ ਉਹ ਕਰਦਾ।

ਉਸ ਦੀ ਮਹਿਮਾ ਅਪਰੰਮਪਾਰ,
ਨਾ ਉਹ ਜੰਮਦਾ, ਨਾ ਹੀ ਮਰਦਾ।
ਜੁੱਗੋ-ਜੁੱਗ ਅਟੱਲ ਨੂੰ ਧਿਆਲੈ,
ਇੱਕ ਰੱਬ ਸੱਚੇ ਦੀ ਮਹਿਮਾ ਗਾ ਲੈ

ਵਾਹਿਗੁਰੂ ਕਹਿ ਲੈ,ਰਾਮ ਰਾਮ ਕਹਿ
ਗੌਡ ਕਹੇ, ਕੋਈ ਅੱਲਾ ਕਹਿੰਦਾ ਏ
ਬਾਬੇ ਨਾਨਕ ਦੱਸਿਆ ਜੱਗ ਨੂੰ,
ਰੱਬ ਦਿਲਾਂ ਵਿੱਚ ਰਹਿੰਦਾ ਏ।
ਡੇਰੇ-ਸਮਾਧੀ ਰੱਬ ਨਹੀਂ ਮਿਲਣਾ,
ਰੱਬ ਆਪਣੇ ਅੰਦਰੋਂ ਟੋਹਲੀਦਾ।
ਕਾਰਜ ਕਰ ਲੈ ਰਾਸ ਆਪਣੇ,
ਵਾਹਿਗੁਰੂ ਵਾਹਿਗੁਰੂ ਬੋਲੀ ਜਾਹ।
ਕਰੇਂਗਾ ਤਰੱਕੀ ਮਿਹਨਤ ਕਰਕੇ,
ਕੋਈ ਵਿਹਲਿਆਂ ਨੂੰ ਨਾ ਦਿੰਦਾ ਏ।

ਬਾਬੇ ਨਾਨਕ ਦੱਸਿਆ ਜੱਗ ਨੂੰ,
ਰੱਬ ਦਿਲਾਂ ਵਿੱਚ ਰਹਿੰਦਾ ਏ।
ਵੈਰ-ਵਿਰੋਧ, ਈਰਖ਼ਾ, ਨਫ਼ਰਤ,
ਸਾੜੇਂ ਆਪਣਾ ਹੀ ਅੰਦਰ ਤੂੰ।
ਮੱਸਿਆ ਮੇਲੇ ਘੁੰਮ ਲਏ ਸਾਰੇ,
ਨਾ ਟੋਹਿਆ ਰੂਹ ਦੇ ਮੰਦਰ ਨੂੰ।
ਇਸ ਮੰਦਰ ਵਿੱਚ ਜੋਤ ਜਗਾ ਰੱਖ,
ਜੋ ਲੋਅ ਜ਼ਿੰਦਗੀ ਨੂੰ ਦਿੰਦਾ ਏ।
ਬਾਬੇ ਨਾਨਕ ਦੱਸਿਆ ਜੱਗ ਨੂੰ,
ਰੱਬ ਦਿਲਾਂ ਵਿੱਚ ਰਹਿੰਦਾ ਏ।

ਸਾਂਭੋ ਆਪਣੀ ਬੋਲੀ ਤੇ ਵਿਰਸਾ,
ਸਾਰੇ ਧਰਮ ਗ੍ਰੰਥਾਂ ਤੇ ਬਾਣੀ ਨੂੰ।
ਗੰਢ ਲਓ, ਟੁੱਟਿਆ ਤੰਦ ਜੋ ਹਾਲੇ,
ਨਾ ਟੁੱਟਣ ਦਿਓ ਤਾਣੀ ਨੂੰ।
ਭਾਈਚਾਰੇ ਵਿੱਚ ਪਿਆਰ ਮੁਹੱਬਤ,
ਸਭ ਕੰਮ ਸਵਾਰ ਦਿੰਦਾ ਏ।
ਬਾਬੇ ਨਾਨਕ ਹੋਕਾ ਦਿੱਤਾ।,
ਰੱਬ ਦਿਲਾਂ ਵਿੱਚ ਰਹਿੰਦਾ ਏ।

ਮਨ ਤੜਪਾ ਕੇ ਦੂਜਿਆਂ ਦੇ, ਕਦੇ
ਮਨ ਨੂੰ ਸ਼ਾਂਤੀ ਰਹਿੰਦੀ ਨਾ
ਕਰਦਾ ਰਹਿੰਨੈਂ ਮੇਰੀ-ਮੇਰੀ,
ਫਿਰ ਵੀ ਪੂਰੀ ਪੈਂਦੀ ਨਾ।
ਤੋਟ ਕੋਈ ਨਾ ਆਵੇ 'ਸੰਘਾ',
ਜੋ ਸਾਰ ਦੁਖੀ ਦੀ ਲੈਂਦਾ ਏ।
ਬਾਬੇ ਨਾਨਕ ਦੱਸਿਆ ਜੱਗ ਨੂੰ,
ਰੱਬ ਦਿਲਾਂ ਵਿੱਚ ਰਹਿੰਦਾ ਏ।

**ਗੁਰਮੇਲ ਕੌਰ ਸੰਘਾ (ਥਿੰਦ)**
**ਲੰਡਨ**

## ਨਜ਼ਮ

## ਨਕਸ਼ਦੀਪ ਪੰਜਕੋਹਾ



ਗ. ਸ. ਨਕਸ਼ਦੀਪ ਅਮਰੀਕਾ ਵੱਸਦਾ ਪੰਜਾਬੀ ਦਾ ਇੱਕ ਚਰਚਿਤ ਨਾਵਲਕਾਰ ਹੈ। ਜ਼ਿੰਦਗੀ ਦੇ ਦੁੱਖਾਂ ਸੁੱਖਾਂ ਨਾਲ ਸਾਂਝ ਪੁਆਉਦੇ ਨਾਵਲਾਂ ਤੋਂ ਇਲਾਵਾ ਆਪ ਜੀ ਦਾ ਇੱਕ ਕਾਵਿ-ਸੰਗ੍ਰਹਿ 'ਰਾਤ ਦੀ ਕੁੱਖ' ਵੀ ਪ੍ਰਕਾਸ਼ਿਤ ਹੋ ਚੁੱਕਾ ਹੈ।

### ਗੁਰੂ ਨਾਨਕ ਦੇ ਰਾਹਾਂ ਤੇ

ਹੇ ਪੀਰ ਮੇਰੇ ਗੁਰੂ ਨਾਨਕ,
ਕੀ ਕਰਨਾ ਮੈਂ ਹੋਰ ਪੀਰਾਂ ਨੂੰ।
ਬੋਲ ਗੁਰਾਂ ਦਾ ਏਕੋ ਹੈ ਭਾਈ
ਏ ਕਹੋ, ਤੋੜ ਗਿਆ ਜ਼ੰਜੀਰਾਂ ਨੂੰ।
ਸੂਰਜ ਬਣ ਕੇ ਚੜੇ ਜਦੋਂ ਨਾਨਕ,
ਬਦਲ ਗਏ ਸੀ ਤਕਦੀਰਾਂ ਨੂੰ।
ਕਾਲਖ ਮਲਦੇ ਆਪਣੇ ਮੂੰਹ 'ਤੇ,
ਪੂਜਣ ਜਿਹੜੇ ਤਸਵੀਰਾਂ ਨੂੰ।
ਸ਼ੋਸ਼ਣ ਦੁਨੀ ਦਾ ਜੋ ਹਨ ਕਰਦੇ,
ਰੁਲ ਖੁਲ ਜਾਵਣ ਉਹ ਅਖੀਰਾਂ ਨੂੰ
ਭੁਲੇਖਿਆਂ ਵਿੱਚ ਫੜਦੇ ਫਿਰਦੇ,
ਤਰਕ ਦੇ ਛੱਡੇ ਗੁਰ ਤੀਰਾਂ ਨੂੰ ।
ਰੰਗ ਰੰਗੀਲੀ ਦੁਨੀਆ ਰੁਲਦੀ,
ਪਰ ਚੜ੍ਹੀ ਖੁਮਾਰੀ ਫਕੀਰਾਂ ਨੂੰ ।
ਅੰਦਰੋਂ ਗੰਦੇ ਹਨ ਤੇ ਅੰਦਰੋਂ ਕੌੜੇ,
ਤੀਰਥੀਂ ਜੋ ਧੋਵਣ ਸਰੀਰਾਂ ਨੂੰ ।

ਸਾਢੇ ਪੰਜ ਸੌ ਵਰ੍ਹੇ ਗੁਜਰਗੇ,
ਸੀ ਗੁਰੂ ਨਾਨਕ ਜੋਤ ਜਗਾਈ ।
ਵਹਿਮਾਂ ਭਰਮਾ ਦੀ ਲੁੱਟਣ ਮੰਡੀ,
ਸੀ ਵਿਚੋਂ ਉਨ੍ਹਾਂ ਧੁੰਧ ਹਟਾਈ ।
ਏਕੋ ਦੇ ਲੜ ਲੱਗ ਜੀਉਣ ਦੀ,
ਸੀ ਉਨ੍ਹਾਂ ਨੇ ਜੁਗਤ ਸਮਝਾਈ ।
ਮਨ ਖੋਟੇ ਪਖੰਡੀ ਭਗਤਾਂ ਨੂੰ,
ਨਹੀਂ ਸੀ ਜ਼ਰਾ ਸਮਝ ਵੀ ਆਈ।
ਪਹਿਰਾਵੇ ਪਾਕੇ ਸੰਤ ਸਾਧਾਂ ਦੇ,
ਉਨ੍ਹਾਂ ਪੂਰੀ ਹੈ ਲੁੱਟ ਮਚਾਈ ।
ਖੋਲ੍ਹ ਦੁਕਾਨਾਂ ਅਤੇ ਬਾਣੇ ਪਾਕੇ,
ਦੇ ਰਹੇ ਨੇ ਉਹ ਝੂਠ ਦੁਹਾਈ ।
ਚਾਰ ਦੀਵਾਰੀ ਅੰਦਰ ਲੱਭਦੇ,
ਜਿਹੜਾ ਵਿਆਪਕ ਸਭਨੀ ਥਾਈਂ।
ਫਿਰ ਵੀ ਉਸ ਨਾਲ ਜੁੜ ਬੈਠੇ ਸੀ,
ਹੈ ਇਹ ਤੇਰੀ ਵੱਡਿਆਈ ।

ਨਾ ਮੈਨੂੰ ਟਕਸਾਲੀ ਭਾਉਂਦੇ,
ਤੇ ਨਾ ਢੱਡਰੀਆਂ ਦੇ ਦਾਅਵੇ ।
ਨਾ ਮਿਸ਼ਨਰੀਆਂ ਦੇ ਨਾਹਰੇ,
ਤੇ ਨਾ ਤਰਕਸ਼ੀਲਾਂ ਦੇ ਵਿਖਾਵੇ ।
ਨਾ ਭੇਖਧਾਰੀਆਂ ਦਾ ਤਾਂਡਵ,
ਜਿਹੜਾ ਬੇਸਮਝਾਂ ਨੂੰ ਲੁੱਟ ਖਾਵੇ ।
ਨਾ ਉਹ ਬਾਬਾ ਚੰਗਾ ਲੱਗੇ ,
ਜੋ ਪਿਆ ਬ੍ਰਹਮਗਿਆਨੀ ਅਖਵਾਵੇ
ਨਾ ਸੰਘੀਆਂ ਦੇ ਨਾ ਚਜੰਗਲੀ ,
ਨਾ ਕੱਟੜ ਲੋਕਾਂ ਦੇ ਪਹਿਰਾਵੇ ।

ਜੇ ਕੋਈ ਸਮਝੇ ਮੈਂ ਹਾਂ ਭੁੱਲਿਆ,
ਉਹਨਾ ਮੇਰੇ ਸੰਗ ਕਦੇ ਆਵੇ ।
ਮੇਰਾ ਤਾਂ ਮਨ ਹੈ ਬੈਠ ਗਿਆ,
ਵਿੱਚ ਸਰਬ ਨਿਵਾਸੀ ਦੇ ਕਲਾਵੇ।
ਤੁੱਛ ਜਹੀਆਂ ਸੰਸਾਰੀ ਗੱਲਾਂ,
ਜੇ ਸਰਬ ਨਿਵਾਸੀ ਮਿਲ ਜਾਵੇ ।

ਅਭਾਗਾ ਆਖੋ ਜੀ ਉਸ ਬੰਦੇ ਨੂੰ ,
ਦੀਵੇ ਤੋਂ ਦੀਵਾ ਜੋ ਨਾ ਜਗਾਵੇ ।
ਚਾਰ ਟੁੱਕਰਾਂ ਦੀ ਖਾਤਰ ਜਿਹੜਾ,
ਹਨੇਰਿਆਂ ਨੂੰ ਗੱਲ ਲਾਵੇ ।
ਗੁਰ ਦੀ ਮੂਰਤ ਬਣਾਕੇ ਜਿਹੜਾ,
ਕਿਸੇ ਆਸ ਵਿੱਚ ਧੁਫਾਂ ਲਾਵੇ।
ਜੋ ਗੁਰ ਆਖਿਆ ਉਹ ਨਾ ਮੰਨੇ,
ਪਰ ਮਨ ਮੱਤ ਦਾ ਢੋਲ ਵਜਾਵੇ ।
ਤਿਥ ਦਿਹਾੜੇ ਦੇ ਚੱਕਰਾਂ ਵਿੱਚ,
ਭਰਮਾਂ ਵਿੱਚ ਲੋਕਾਂ ਨੂੰ ਪਾਵੇ।
ਗੁਰ ਨਾਨਕ ਦਾ ਸ਼ਬਦ ਹਾਜਰ
ਨਾਜਰ, ਅੰਨ੍ਹਾਂ ਕਿੰਝ ਦੇਖ ਪਾਵੇ।
ਗੰਗਾ ਛੱਡ ਕੇ ਸਰੋਵਰ ਪਾਣੀ ਨਾਲ
ਮੂਰਖ ਮਲ ਮਲ ਨਾਹਵੇ ।
ਗੁਰ ਸੰਦੇਸ਼ ਨੂੰ ਪਾਸੇ ਛੱਡਕੇ,
ਗੋਲਕ ਖਾਣਿਆਂ ਨੂੰ ਮੂੰਹ ਲਾਵੇ ।

ਸਿਰ ਝੁਕਾ ਕੇ ਕੀ ਹੈ ਮਿਲਣਾ, ਮਨ
ਵਿੱਚ ਜੇ ਰਹਿੰਦੀ ਰਹੀ ਖਰਾਬੀ ।
ਮਨ ਦੀ ਉਲਝਣ ਤਿਲਕਣਬਾਜੀ,
ਨਾਲ ਮਾਇਆ ਮੋਹ ਸ਼ਰਾਬੀ ।
ਗੁਰ ਦੇ ਜਨਮ ਦਿਹਾੜੇ ਉੱਤੇ, ਹੁਣ
ਇੱਕ ਕਸਮ ਅਸਾਂ ਹੈ ਖਾਧੀ ।

ਇੱਕੋ ਸਾਹਿਬ ਅੰਦਰ ਬਾਹਰ ਹੈ,
ਗੁਰਸਾਖੀ ਅੰਦਰ ਹੈ ਜਾਗੀ ।
ਮਨ ਵਹਿਮ ਵਿੱਚ ਕਿਉਂ ਡੁੱਬੇਗਾ,
ਜੇ ਇਹ ਬਣਜੇ ਉਹਦਾ ਬੈਰਾਗੀ ।
ਮਨ ਆਪਣਾ ਮਨ ਵਿੱਚ ਟਿਕਿਆ,
ਸੀ ਰਹਿੰਦਾ ਰਿਹਾ ਜੋ ਬਾਗੀ ।
ਬਾਬੇ ਨਾਨਕ, ਦਾ ਚਾਨਣ ਬੁਕਲੀਂ,
ਮੇਰਾ ਮਨ ਬਣਿਆ ਅਨੁਰਾਗੀ ।

ਇਹ ਜੰਗਲ ਜਹੇ ਚੋਂ ਨਿਕਲੋ,
ਪੜ੍ਹਲੋ ਗੁਰ ਬਾਬੇ ਦੀ ਕਹਾਣੀ ।
ਇੱਕ ਓਸ ਬਿਨ ਕੋਈ ਨਹੀਂ ਦੂਜਾ,
ਬਾਤ ਗੁਰ ਬਾਬੇ ਦੀ ਸਿਆਣੀ ।
ਜੋ ਖਾਈਏ ਜਾਂ ਦਈਏ ਕਿਸੇ ਨੂੰ,
ਉਸ ਖਾਤਰ ਕਿਰਤ ਕਮਾਣੀ ।
ਕਰੋੜ ਜੰਜਾਲੋਂ ਨਿਕਲਣ ਖਾਤਰ,
ਫੜੋ ਇੱਕੋ ਦੀ ਤੁਸੀਂ ਟਾਹਣੀ ।
ਪੱਥਰਾਂ ਦੇ ਘਰ ਜਾ ਜਾ ਥੱਕੇ,
ਨਹੀਂ ਪਰ ਅੰਦਰ ਝਾਤੀ ਪਾਣੀ ।
ਜੋ ਅੰਦਰ ਓਹ ਦਾ ਬਾਹਰ ਵੀ
ਵਾਸਾ, ਇਹ ਗੱਲ ਗੁਰੂ ਤੋਂ ਜਾਣੀ
ਵੱਖਰੇ ਰਾਹਾਂ ਉੱਤੇ ਹੇਰਾ ਫੇਰੀ,
ਕਿਤੇ ਤੂੰ ਤਿਲਕ ਨਾ ਜਾਈਂ ਪ੍ਰਾਣੀ
ਸਭ ਰਾਹ ਨਕਸ਼ਦੀਪ ਛੱਡ
ਚੱਲਿਆ,
ਉਹ ਪੜ੍ਹੇ ਬਾਬੇ ਦੀ ਬਾਣੀ।

**ਨਕਸ਼ਦੀਪ ਪੰਜਕੋਹਾ**
**ਅਮਰੀਕਾ**
**8146910997**
**gsnakshdeeppanjkoha@gmail.com**

## ੴ ਸਤਿਗੁਰ ਪ੍ਰਸਾਦਿ,॥ ਨਾਨਕੁ ਸਾਇਰੁ ਏਵ ਕਹਤੁ ਹੈ ॥

**ਬੀਬੀ ਸੁਰਜੀਤ ਕੌਰ**



ਚੇਹਰੇ ਤੋਂ ਜਦ ਪਰਦੇ ਚੁੱਕੇ
ਦੋਗਲੀਆਂ ਤਸਵੀਰਾਂ ਮਿਲੀਆਂ।
ਉਪਰੋਕਤ ਸਤਰਾਂ ਲਿਖਣ ਵਾਲੀ ਤੇ ਸੈਕਰਾਮੈਂਟੋ ਵਿੱਚ ਵੱਸਦੀ ਬੀਬੀ ਸੁਰਜੀਤ ਕੌਰ ਉਹ ਲੇਖਿਕਾ ਹੈ, ਜਿਸਦਾ ਆਪਣੀ ਗੱਲ ਕਹਿਣ ਦਾ ਆਪਣਾ ਇੱਕ ਵੱਖਰਾ ਹੀ ਅੰਦਾਜ਼ ਹੈ।

ਆਦਿ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ੫੫੦ ਸਾਲਾ ਪ੍ਰਕਾਸ਼ ਪੁਰਬ ਸਾਰੇ ਹੀ ਸਿੱਖ ਜਗਤ ਵਿਚ ਬਹੁਤ ਧੂਮ-ਧਾਮ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ ਜਿਸਦੀ ਸ਼ੁਰੂਆਤ ਹੋ ਚੁਕੀ ਹੋਈ ਹੈ । ਨਵੰਬਰ ੨੦੧੮ ਤੋ ਲੈ ਕੇ ਨਵੰਬਰ ੨੦੧੯ ਤੀਕ ਸਾਰਾ ਸਾਲ ਹੀ ਇਹ ਸਮਾਗਮ ਚੱਲਣਗੇ ਅਤੇ ਆਉਣ ਵਾਲਾ ਅਗਲਾ ਸਾਲ ਵੀ ਚੱਲਦੇ ਰਹਿਣਗੇ , ਦੁਨੀਆ ਦੇ ਹਰ ਮੁਲਕ ਵਿਚ ਵੱਸਦੀ ਸਿੱਖ ਕੌਮ ਜਾਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵਲੋ ਇਹ ਸਾਰਾ ਸਾਲ ਗੁਰੂ ਨਾਨਕ ਜੀ ਦੇ ਜੀਵਨ ਨੂੰ ਸਮਰਪਿਤ ਕੀਤਾ ਗਿਆ ਹੈ, ਇਸ ਪਾਵਨ ਪੁਰਬ ਨੂੰ ਧਾਰਮਿਕ ਜਥੇਬੰਦੀਆ ਅਤੇ ਸਰਕਾਰਾਂ ਵੀ ਆਪਣੇ ਆਪਣੇ ਢੰਗ ਨਾਲ ਮਨਾਉਣ ਦੇ ਸੁਚੱਜੇ ਉਪਰਾਲੇ ਕਰ ਰਹੀਆਂ ਹਨ।

ਬਹੁਤੇ ਲੀਡਰ ਜਾਂ ਚੌਧਰਾਂ ਕਰਨ ਵਾਲੇ ਲੋਕ ਵੀ ਪੱਬਾਂ ਭਾਰ ਹੋ ਹੋ ਕੇ ਧਰਮੀ ਹੋਣ ਦੇ ਦਾਅਵੇ ਤਾਂ ਬਹੁਤ ਕਰਨਗੇ ਪਰ ਅੰਦਰਲੀ ਸ਼ਰਧਾ ਅਤੇ ਚਾਉ ਤੋਂ ਉਹ ਲੋਕ ਕੋਹਾਂ ਦੂਰ ਹੋਣਗੇ, ਸ਼ਰਧਾ ਅਤੇ ਚਾਉ ਤਾਂ ਸਿਰਫ਼ ਧੁਰ ਅੰਦਰੋ ਸੇਵਾ ਸਿਮਰਨ ਅਤੇ ਪਰ-ਉਪਕਾਰ ਨਾਲ ਜੁੜੀਆ ਹੋਈਆ ਸੰਗਤਾਂ ਦੇ ਚਿਹਰਿਆਂ ਤੋ ਹੀ ਮਿਲੇਗਾ।

ਸਤਿਗੁਰੂ ਨਾਨਕ ਦੇਵ ਜੀ ਦੇ ਪਾਵਨ ਜਨਮ ਅਸਥਾਨ ਰਾਇ ਭੋਇ ਦੀ ਤਲਵੰਡੀ ਹੁਣ ਸ੍ਰੀ ਨਨਕਾਣਾ ਸਾਹਿਬ ਜੀ, ਸ੍ਰੀ ਪੰਜਾ ਸਾਹਿਬ ਜੀ ਅਤੇ ਸੰਸਾਰਕ ਜੀਵਨ ਯਾਤਰਾ ਤੋਂ ਰੁਖ਼ਸਤ ਹੋਣ ਵਾਲੇ ਅਸਥਾਨ ਸ੍ਰੀ ਕਰਤਾਰ ਪੁਰ ਸਾਹਿਬ ਜੀ ਵੀ ਪਾਕਿਸਤਾਨ ਵਿਚ ਹਨ, ਪਿਛਲੇ ੭੦ ਸਾਲਾਂ ਤੋ ਸਮੁੱਚਾ ਸਿੱਖ ਜਗਤ ਇਹ ਅਰਦਾਸ ਕਰਦਾ ਆ ਰਿਹਾ ਹੈ ਕਿ ਹੇ ਸਤਿਗੁਰੂ ਜੀ ! ਵਿਛੜੇ ਹੋਏ ਧਾਰਮਿਕ

ਅਸਥਾਨਾਂ ਦੇ ਸੰਗਤਾਂ ਨੂੰ ਖੁੱਲੇ ਦਰਸ਼ਨ ਅਤੇ ਦੀਦਾਰ ਬਖਸ਼ੋ ਜੀ ।ਗੁਰਬਾਣੀ ਦਾ ਹੀ ਫੁਰਮਾਨ ਹੈ:

ਬਿਰਥੀ ਕਦੀ ਨ ਹੋਵਈ ਜਨ ਕੀ ਅਰਦਾਸਿ ॥

ਸਮਾਂ ਬਣਿਆ ਹੈ ਅਤੇ ਇਸ ਪਾਵਨ ਪੁਰਬ ਦੇ ਸੋਹਣੇ ਸਮੇਂ ਤੇ ਪਾਕਿਸਤਾਨ ਦੇ ਪਰਾਈਮ ਮਨਿਸਟਰ ਮਿਸਟਰ ਇਮਰਾਨ ਖਾਨ ਜੀ ਨੇ ਫ਼ਰਾਖ਼ ਦਿਲੀ ਦਿਖਾਈ ਅਤੇ ਪਹਿਲ ਕਦਮੀ ਕਰਕੇ ਸ੍ਰੀ ਕਰਤਾਰ ਪੁਰ ਸਾਹਿਬ ਜੀ ਦੇ ਦਰਸ਼ਨਾਂ ਲਈ ਜੋ ਲਾਂਘਾ ਬਨਾਉਣ ਦਾ ਜਿੰਮਾਂ ਚੁਕਿਆ, ਉਹ ਕਾਬਿਲੇ ਤਾਰੀਫ਼ ਸੀ ਅਤੇ ਰਹਿੰਦੀ ਦੁਨੀਆ ਤੀਕ ਇਸ ਦਾ ਸਤਿਕਾਰ ਬਣਿਆ ਰਹੇਗਾ।

ਸ੍ਰੀ ਇਮਰਾਨ ਖਾਨ ਜੀ ਨੇ ਸਮੁਚੇ ਸਿੱਖ ਜਗਤ ਨੂੰ ਜੋ ਨਾਯਾਬ ਤੋਹਫ਼ਾ ਦੇ ਕੇ ਸ਼ਲਾਘਾ ਯੋਗ ਕਾਰਜ ਕੀਤਾ ਹੈ, ਇਸ ਲਈ ਉਹ ਵਧਾਈ ਦੇ ਹੱਕਦਾਰ ਹਨ।

ਸ੍ਰੀ ਕਰਤਾਰ ਪੁਰ ਸਾਹਿਬ ਜੀ ਦੇ ਦਰਸ਼ਨਾਂ ਲਈ ਲਾਂਘਾ ਬਨਾਉਣ ਵਾਸਤੇ ਪਹਿਲ ਕਰਦਿਆਂ ਜਿਥੇ ਸ੍ਰੀ ਇਮਰਾਨ ਖਾਨ ਨੇ ਦਰਿਆ-ਦਿਲੀ ਦਾ ਸਬੂਤ ਦਿੱਤਾ ਹੈ, ਬੇਬਸੀ ਹੀ ਸਹੀ ਭਾਰਤ ਸਰਕਾਰ ਵੀ ਇਸ ਕਾਰਜ ਵਿਚ ਸਹਿਯੋਗ ਦੇਣ ਲਈ ਤਿਆਰ ਹੋ ਰਹੀ ਹੈ ਅਤੇ ਸਮੁੱਚਾ ਸਿੱਖ ਜਗਤ ਵੀ ਇਸ ਅਗੰਮੀ ਖੁਸ਼ੀ ਵਿਚ ਝੂਮ ਰਿਹਾ ਹੈ। ਆਉ, ਅਸੀ ਵੀ ਸਤਿਗੁਰਾਂ ਦੇ ਸ਼ੁਕਰਾਨੇ ਕਰੀਏ ।

ਆਉ ਕੁਝ ਵਿਚਾਰ ਕਰੀਏ,

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਪਣੀ ਉਚਾਰਣ ਕੀਤੀ ਹੋਈ ਬਾਣੀ ਜਿਸ ਤਰਾਂ ਦਾ ਜੀਵਨ ਜਿਊਣ ਲਈ ਸਾਨੂੰ ਸੰਦੇਸ਼ ਦਿੰਦੀ ਹੈ, ਕੀ ਅਸੀਂ ਉਸ 'ਤੇ ਅਮਲ ਕਰ ਰਹੇ ਹਾਂ ਜਾਂ ਕਰਦੇ ਹਾਂ?

ਨਾਨਕੁ ਸਾਇਰੁ ਏਵ ਕਹਤੁ ਹੈ ॥

ਨਿਕੜੇ ਨਾਨਕ ਨੇ ਸੰਸਾਰ ਦੇ ਜੀਵਾਂ ਨੂੰ ਸਹੀ ਮਾਰਗ ਦੇ ਪਾਂਧੀ ਬਨਾਉਣਾ ਸੀ, ਇਸ ਲਈ ਉਸ ਦੀ ਰੂਪ ਰੇਖਾ ਵੀ ਘੜੀ ਜਾ ਰਹੀ ਸੀ ਪਰ ਮਾਤਾ ਪਿਤਾ ਨੇ ਸੋਚਿਆ, ਨਾਨਕ ਹਾਣੀ ਬੱਚਿਆਂ ਨਾਲ ਖੇਡਦਾ ਨਹੀ, ਨਾ ਹੀ ਚੱਜ ਨਾਲ ਖਾਂਦਾ ਪੀਂਦਾ ਹੈ ਤਾਂ ਵੈਦ ਨੂੰ ਬੁਲਾ ਲਿਆ। ਜਦ ਵੈਦ ਨੇ ਬਾਂਹ ਫੱੜਕੇ

ਬੀਮਾਰੀ ਦਾ ਪਤਾ ਲਾਉਣਾ ਚਾਹਿਆ ਤਾਂ ਨਾਨਕ ਆਖਿਆ ਸੂ । ''ਵੈਦੁ ਬੁਲਾਇਆ ਵੈਦਗੀ ਪਕੜਿ ਢੰਡੋਲੇ ਬਾਂਹ ॥ ਭੋਲਾ ਵੈਦ ਨ ਜਾਣਈ ਕਰਕ ਕਲੇਜੇ ਮਾਂਹ'' ॥ ਜਦ ਮੱਝਾਂ ਚਰਾਣ ਗਏ ਤਾਂ ਖੇਸੀ ਓੜ ਕੇ ਪੈ ਗਏ ਮੱਝਾਂ ਜਿਮੀਦਾਰ ਦੀ ਖੇਤੀ ਉਜਾੜ ਛੱਡੀ। ਗੱਲ ਰਾਇ ਬੁਲਾਰ ਕੋਲ ਪਹੁੰਚੀ ਤਾਂ ਨਾਨਕ ਆਖਿਆ ਖੇਤੀ ਤਾਂ ਹਰੀ ਭਰੀ ਹੈ ਤਾਂ ਇਹ ਦੇਖ ਕੇ ਰਾਇ ਬੁਲਾਰ ਹਰੀ ਭਰੀ ਖੇਤੀ ਦੇਖ ਬਾਬੇ ਦਾ ਮੁਰੀਦ ਬਣ ਗਿਆ।

ਉਪਰੰਤ ਪਿਤਾ ਕਾਲੂ ਜੀ ਨੇ ਵੀਹ ਰੁਪੈ ਦੇ ਕੇ ਵਣਜ ਕਰਨ ਲਈ ਆਖਿਆ ਅਤੇ ਨਾਲ ਭਾਈ ਬਾਲਾ ਜੀ ਨੂੰ ਵੀ ਤੋਰਿਆ ਕਿ ਨਾਨਕ ਖਰਾ ਸੌਦਾ ਕਰਕੇ ਘਰ ਨੂੰ ਆਵੇ, ਕਿਤੇ ਕੋਈ ਗਲਤੀ ਨਾ ਕਰ ਬੈਠੇ। ਉਮਰ, ਜੋ ਅਜੇ ਅੰਞਾਣੀ ਸੀ ਪਰ ਗੁਰੂ ਬਾਬੇ ਨਿਕੜੀ ਉਮਰੇ ਹੀ ਉਹ ਖਰਾ ਸੌਦਾ ਕਰ ਦਿਖਾਇਆ, ਜੋ ਬਾਕਮਾਲ ਸੀ । ਸੰਸਾਰ ਨੂੰ ਸੁਨੇਹਾ ਦਿਤਾ ਕਿ ਭੁੱਖੇ ਨੂੰ ਰੋਟੀ ਖੁਆਉਣ ਨਾਲੋਂ ਹੋਰ ਕੋਈ ਖਰਾ ਸੌਦਾ ਹੋ ਹੀ ਨਹੀਂ ਸਕਦਾ। ਸੋ ਵੀਹ ਰੁਪਈਆ ਦੀ ਰਸਦ ਦਾ ਲੰਗਰ, ਜੋ ਬਾਬੇ ਉਸ ਵੇਲੇ ਸੰਤ-ਮੰਡਲ ਨੂੰ ਛਕਾਇਆ ਸੀ, ਉਹ ਅਜੇ ਤੀਕਰ ਵੀ ਪਿਆ ਚੱਲਦਾ ਹੈ। ਅਤੇ ਜੱਦ ਤੀਕਰ ਇਹ ਸੰਸਾਰ ਰਹਿਸੀ, ਲੰਗਰ ਚੱਲਦਾ ਰਹੇਗਾ। ਇਹ ਖਰਾ ਸੌਦਾ ਹੋਇਆ ਦੇਖ ਪਿਤਾ ਕਾਲੂ ਜੀ 'ਧੀ' ਨਾਨਕੀ ਨੂੰ ਆਖਿਆ ਕਿ ਨਾਨਕ ਦਾ ਚਿੱਤ ਕਿਸੇ ਕੰਮ ਵਿਚ ਨਹੀ ਲੱਗਦਾ ਤਾਂ ਭੈਣ ਨਾਨਕੀ ਜੀ ਅਤੇ ਭਾਈਆ ਜੈ ਰਾਮ ਜੀ ਨੇ ਆਖਿਆ ਨਾਨਕ ਹੁਣ ਸਾਡੇ ਕੋਲ ਸੁਲਤਾਨ ਪੁਰ ਰਹੇਗਾ। ਸੋ ਸੁਲਤਾਨ ਪੁਰ ਵਿਚ ਬਾਬੇ ਨਾਨਕ ਜੀ ਮੋਦੀ ਖਾਨੇ ਬੈਠ ਖੂਬ ਤੇਰਾ ਤੇਰਾ ਤੋਲਿਆ। ਜਿਥੇ ਬਾਬੇ ਢਿੱਡੋਂ ਭੁੱਖੇ ਗਰੀਬਾਂ ਨੂੰ ਰਸਦਾਂ ਵੰਡੀਆਂ, ਉਥੇ ਤੇਰਾ ਤੇਰਾ ਦਾ ਉਪਦੇਸ਼ ਕਰਕੇ ਮਾਲਕ ਦੀ ਮਹਿਮਾ ਵੀ ਵਰਣਨ ਕੀਤੀ। ਗੁਰੂ ਨਾਨਕ ਦੇਵ ਜੀ ਨੇ ਗ੍ਰਿਹਸਤ ਧਰਮ ਦਾ ਸਤਿਕਾਰ ਕੀਤਾ ਅਤੇ ਪਰਿਵਾਰਕ ਜੀਵਨ ਵਿਚ ਰਹਿੰਦਿਆਂ ਵੀ ਚਾਰ ਉਦਾਸੀਆਂ ਕਰਕੇ ਪਰਮਾਤਮਾ ਨਾਲੋਂ ਟੁੱਟੀ ਹੋਈ ਮਨੁਖਤਾ ਨੂੰ ਸਹੀ ਜੀਵਨ ਜਿਊਣ ਦਾ ਰਾਹ ਦਰਸਾਇਆ । ਸਤਿਗੁਰਾਂ ਨੇ ਪੰਡਤਾਂ, ਕਾਜੀਆਂ, ਮੌਲਾਣਿਆਂ ਅਤੇ ਸਿੱਧਾਂ ਨਾਲ ਵਿਚਾਰਾਂ ਕੀਤੀਆ ਅਤੇ ਉਹਨਾਂ ਨੂੰ ਵੀ ਸੱਚਾਈ ਦਾ ਮਾਰਗ ਦੱਸਿਆ।

ਕਰਤਾਰ ਪੁਰਿ ਕਰਤਾ ਵਸੈ ਸੰਤਨ ਕੈ ਪਾਸਿ ॥

ਉਦਾਸੀਆਂ ਦੇ ਮਗਰੋ ਬਾਬਾ ਨਾਨਕ ਜੀ ਆਣ ਕਰਤਾਰ ਪੁਰ ਵਸਾਇਆ ਅਤੇ ਮਾਤਾ ਸੁਲੱਖਣੀ ਜੀ ਤੇ ਦੋਵੇ ਪੁੱਤਰ ਵੀ ਕੋਲੇ ਬੁਲਾ ਲਏ। ਗੁਰੂ ਨਾਨਕ ਪਾਤਸ਼ਾਹ ਜੀ ਨੇ ਇਥੇ ਆਪ ਖੇਤੀ ਦਾ ਕੰਮ ਕਰਕੇ ਗ੍ਰਿਹਸਤ ਦੇ ਜੀਵਨ

ਨੂੰ ਹੋਰ ਉੱਚਾਈਆਂ ਦਿਤੀਆਂ ਅਤੇ ਹੱਥੀਂ ਕਿਰਤ ਕਰਨ ਦਾ ਉੱਤਮ ਉਪਦੇਸ਼ ਵੀ ਦਿੱਤਾ। ਸ੍ਰੀ ਕਰਤਾਰ ਪੁਰ ਸਾਹਿਬ ਵਿਚ ਬਾਬਾ ਜੀ ਨੇ ਜੀਵਨ ਦੇ ਪਿਛਲੇਰੇ ਸਮੇਂ ਦੇ ਅਠਾਰਾਂ ਸਾਲ ਜਾਂ ਕੁਝ ਹੋਰ ਸਮਾਂ ਇਥੇ ਪਰਿਵਾਰ ਵਿਚ ਰਹਿਕੇ ਬਤੀਤ ਕੀਤਾ। ਇੱਥੇ ਹੀ ਲਹਿਣਾ ਜੀ ਨੂੰ ਗੁਰੂ ਨਾਨਕ ਦੇਵ ਜੀ ਨੇ ਲਹਿਣੇ ਤੋਂ ਗੁਰੂ ਅੰਗਦ ਬਣਾਇਆ ਅਤੇ ਅਖੀਰਲੇ ਸਮੇਂ ਗੁਰ ਗੱਦੀ ਦੀ ਸੌਂਪਣਾ ਵੀ ਇਥੇ ਹੀ ਕੀਤੀ ।

ਨਾਨਕ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ ॥

ਕਿਰਤ ਕਰਨ ਦੇ ਨਾਲ ਨਾਲ ਸਤਿਗੁਰਾਂ ਨੇ ਆਤਮਕ ਬੁਲੰਦੀਆਂ 'ਤੇ ਵਿਚਰਨ ਅਤੇ ਸਾਦਗੀ ਭਰਿਆ ਜੀਵਨ ਜਿਊਣ ਲਈ ਵੀ ਆਖਿਆ।

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥

ਵਿਹਲੇ ਰਹਿਕੇ ਜਾਂ ਮੰਗਕੇ ਖਾਣ ਵਾਲਿਆਂ ਨੂੰ ਵੀ ਸਮਝਾਉਣਾ ਕਰਦੇ ਕਿਹਾ-

ਮਖਟੂ ਹੋਇ ਕੈ ਕੰਨ ਪੜਾਏ ॥ ਫਕਰੁ ਕਰੇ ਹੋਰੁ ਜਾਤਿ ਗਵਾਏ ॥
ਗੁਰੁ ਪੀਰੁ ਸਦਾਏ ਮੰਗਣ ਜਾਇ ॥ ਤਾ ਕੈ ਮੂਲਿ ਨ ਲਗੀਐ ਪਾਇ ॥

ਹੇ ਭਾਈ ਨਾਮ ਜਪੋ, ਕਿਰਤ ਕਰੋ ਅਤੇ ਵੰਡਕੇ ਵੀ ਖਾਉ।

ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥

ਧਰਮਾਂ ਦੇ ਕੱਟੜ ਆਗੂਆਂ ਅਤੇ ਠੇਕੇਦਾਰਾਂ ਨੂੰ ਲਲਕਾਰਿਆ:-

ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥

ਏਥੇ ਹੀ ਬਸ ਨਹੀ ।ਨਕਲੀ ਦੰਭੀਆਂ ਅਤੇ ਪਖੰਡੀਆਂ ਦੇ ਪਾਜ ਖੋਹਲਦਿਆਂ ਕਿਹਾ:-

ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ ॥
ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ ॥

ਉਸ ਕਰਤਾ ਪੁਰਖ ਦੀ ਸਿਫ਼ਤ ਸਲਾਹ ਵਿਚ ਇਕ ਮਿਕ ਹੁੰਦਿਆਂ ਬਾਬੇ ਕਿਹਾ।

ਵਡਾ ਸਾਹਿਬੁ ਊਚਾ ਥਾਉ ॥
ਊਚੇ ਊਪਰਿ ਊਚਾ ਨਾਉ ॥
ਏਵਡੁ ਊਚਾ ਹੋਵੈ ਕੋਇ ॥
ਤਿਸੁ ਊਚੇ ਕਉ ਜਾਣੈ ਸੋਇ ॥

........

ਸੁਣਿ ਵਡਾ ਆਖੈ ਸਭ ਕੋਇ ॥
ਕੇਵਡੁ ਵਡਾ ਡੀਠਾ ਹੋਇ ॥
ਨਾਨਕੁ ਸਾਇਰੁ ਏਵ ਕਹਤੁ ਹੈ ॥

ਬਾਬਾ ਗੁਰੂ ਨਾਨਕ ਜੀ ਸ਼ਾਇਰ ਹਨ ਅਤੇ ਇਸ ਸ਼ਾਇਰੀ ਲਈ ਉਹ ਅਕਾਲ ਪੁਰਖ ਜੀ ਦੇ ਸ਼ੁਕਰਾਨੇ ਵਿਚ ਜੁੜਦੇ ਹੋਏ ਆਖਦੇ ਨੇ:-

ਧੰਨ ਸੁ ਕਾਗਦ ਕਲਮ ਧੰਨੁ ਧਨ ਭਾਂਡਾ ਧਨੁ ਮਸੁ ॥
ਧਨੁ ਲੇਖਾਰੀ ਨਾਨਕਾ ਜਿਨਿ ਨਾਮ ਲਿਖਾਇਆ ਸਚੁ॥

ਕਲਮ ਦੀ ਕੀਤੀ ਜਾ ਰਹੀ ਦੁਰਵਰਤੋਂ ਲਈ ਚਿਤਾਵਨੀ ਦਿੰਦਿਆਂ ਬਾਬੇ ਆਖਿਆ:

ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ ॥
ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ॥

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਔਰਤ ਜ਼ਾਤ ਤੇ ਹੋ ਰਹੇ ਜੁਲਮਾਂ ਦੇ ਖ਼ਿਲਾਫ਼ ਵੀ ਅਵਾਜ ਬੁਲੰਦ ਕੀਤੀ ਅਤੇ ਕਿਹਾ:-

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਸਤਿਗੁਰੂ ਪਿਤਾ ਜੀ ਅਤਿ ਕੋਮਲ ਹਿਰਦੇ ਦੇ ਮਾਲਕ ਸਨ ਅਤੇ ਜਦ ਮਾਸੂਮਾਂ ਤੇ ਹੁੰਦੇ ਜੁਲਮ ਨੂੰ ਵੇਖਕੇ ਹਿਰਦਾ ਦ੍ਰਵਿਆ ਤਾਂ ਉਸ ਕਾਦਰ ਨੂੰ ਵੀ ਆਖ ਦਿੱਤਾ:-

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥

ਕਲਮ ਦੇ ਧਨੀ ਗੁਰੂ ਬਾਬਾ ਜਦੋਂ ਇਸ ਜਗਤ ਦੇ ਮਾਲਕ ਨਾਲ ਓਤ ਪੋਤ ਹੋਏ ਵਜਦ ਵਿਚ ਆਉਂਦੇ ਤਾਂ ਕਹਿ ਉਠਦੇ:-

ਮੈ ਬਨਜਾਰਨਿ ਰਾਮ ਕੀ ਤੇਰਾ ਨਾਮੁ ਵਖਰੁ ਵਾਪਾਰ ਜੀ ॥

..........

ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ ॥
ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ॥
ਲੀਣਾ ਤੂੰ ਆਪੇ ਸਰਬ ਸਮਾਣਾ ॥

ਕੁਝ ਗੱਲਾਂ ਧਿਆਨ ਗੋਚਰੇ। ਸਤਿਗੁਰਾਂ ਦੀ ਗੁਰਬਾਣੀ ਦਾ ਅਨਮੋਲ ਖ਼ਜ਼ਾਨਾ ਸਾਡੇ ਕੋਲ ਹੋਣ ਦੇ ਬਾਵਜੂਦ 550 ਸਾਲਾਂ ਮਗਰੋ ਵੀ ਅਸੀ ਓਥੇ ਦੇ ਓਥੇ

ਹੀ ਖੜੇ ਹਾਂ ਕਿਉਂਕਿ ਗੁਰਬਾਣੀ ਨੂੰ ਪੜ੍ਹਿਆ ਜਾਂ ਗਾਵਿਆ ਤਾਂ ਬਹੁਤ ਜਾ ਰਿਹਾ ਹੈ ਪਰ ਇਸਤੇ ਵਿਚਾਰ ਨਹੀ ਕੀਤੀ ਗਈ। ਜੇ ਕੀਤੀ ਵੀ ਗਈ ਹੈ ਤਾਂ ਬਹੁਤ ਥੋੜ੍ਹੀ। ਅੱਜ ਸਿੱਖ ਕੌਮ ਵਿਚ ਸੁਚੱਜੀ ਲੀਡਰਸ਼ਿੱਪ ਦੀ ਘਾਟ ਹੈ । ਅਸੀ ਧਰਮੀ ਬਣ ਤਾਂ ਬੈਠੇ ਹਾਂ ਪਰ ਧਰਮ ਦੀ ਪ੍ਰੀਭਾਸ਼ਾ ਤੋ ਵਾਂਝੇ ਰਹਿ ਗਏ ਹਾਂ । ਅਸੀ ਗੁਰੂ ਦੇ ਸਿੱਖ ਜਾਂ ਸਿੰਘ ਤਾਂ ਨਹੀ ਬਣ ਸਕੇ ਪਰ ਕੱਟੜਤਾ ਦੇ ਮੁਦੱਈ ਜ਼ਰੂਰ ਬਣ ਗਏ ਹਾਂ। ਦੇਸਾਂ ਵਿਦੇਸ਼ਾਂ ਵਿਚ ਆਲੀਸ਼ਾਨ ਗੁਰੂ ਘਰ ਬਣ ਚੁਕੇ ਹਨ ਅਤੇ ਧਰਮ ਦੇ ਧਵਜ ਵੀ ਲਹਿਰਾ ਰਹੇ ਹਨ ਪਰ ਖਸਮਹੁ ਘੁਥੀਆ ਫਿਰਹਿ ਨਿਮਾਣੀਆ ॥ ਵਾਂਗ ਹਰ ਥਾਂ ਚੌਧਰ ਦਾ ਮਸਲਾ ਪ੍ਰਧਾਨ ਹੈ।

ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ ॥

ਅਸੀਂ ਸ਼ਬਦ ਗੁਰੂ ਨੂੰ ਸਮਰਪਿਤ ਹੋਣ ਦੀ ਥਾਂ ਆਪਣੀ ਆਪਣੀ ਡਫਲੀ ਵਜਾ ਰਹੇ ਹਾਂ ਅਤੇ ਸ਼ਬਦ ਗੁਰੂ ਦੀ ਆੜ ਵਿਚ ਆਪਣੇ ਰਾਜ ਭਾਗ ਸਥਾਪਿਤ ਕਰ ਰਹੇ ਹਾਂ। ਜਿਨਾਂ ਭਰਮ ਭੁਲੇਖਿਆਂ ਅਤੇ ਬੁਰਾਈਆਂ ਤੋਂ ਸਤਿਗੁਰਾਂ ਨੇ ਸਾਨੂੰ ਵਰਜਿਤ ਕੀਤਾ ਸੀ, ਉਹੀ ਸਭ ਕੁਝ ਹੁਣ ਡੇਰਿਆਂ ਵਿਚ ਬੈਠੇ ਵਿਹਲੜ ਲੋਕ ਸ਼ਰੇਆਮ ਕਰ ਰਹੇ ਹਨ।

ਬੇਨਤੀ ਹੈ, ਆਉ, ਗੁਰੂ ਨੂੰ ਸਮਰਪਿਤ ਹੋ ਕੇ ਨਵੇਕਲੀ ਪਹਿਚਾਨ ਬਣਾਕੇ ਵਿਚਰੀਏ। ਜ਼ਰਾ ਕੁ ਹਉਮੈਂ ਅਤੇ ਹੰਕਾਰ ਤੋਂ ਪਰੇ ਹੋ ਕੇ ਤਾਂ ਦੇਖੀਏ ਆਨੰਦ ਹੀ ਆਨੰਦ ਹੈ। ਫਿਰ ਦੇਖਣਾ ਗੁਰੂ ਨਾਨਕ ਜੀ ਦੇ ਪ੍ਰਕਾਸ਼ ਪੁਰਬ ਮਨਾਉਣ ਵਿਚ ਕਿਵੇਂ ਖੁਸ਼ੀਆਂ ਮਿਲਦੀਆਂ ਹਨ । ਆਉ, ਜ਼ਰਾ ਹੰਕਾਰ ਦੇ ਪਉੜੇ ਤੋਂ ਥੱਲੇ ਉਤਰ ਕੇ ਤਾਂ ਦੇਖੀਏ।

ਆਪ ਗਵਾਈਐ ਤਾ ਸਹੁ ਪਾਈਐ
ਅਉਰੁ ਕੈਸੀ ਚਤੁਰਾਈ ॥

ਬੇਨਤੀ ਹੈ ਗੁਰੂ ਬਾਣੀ ਨੂੰ ਸਿਰਫ ਮੱਥਾ ਹੀ ਨਾ ਟੇਕੀਏ, ਜੋ ਗੁਰੂ ਕਹਿੰਦਾ ਹੈ ਉਸਨੂੰ ਮੰਨੀਏ ਅਤੇ ਮਨੁਖਤਾ ਦੇ ਭਲੇ ਲਈ ਕੰਮ ਕਰੀਏ ॥

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ॥

**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਅਮਰੀਕਾ**
**+(916)687-3536**
**bibisurjitkaur@icloud.com**

# ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ

ਗੁਰਦੀਸ਼ ਕੌਰ ਗਰੇਵਾਲ

ਗੁਰਦੀਸ਼ ਕੌਰ ਗਰੇਵਾਲ ਕੈਨੇਡਾ ਵਿੱਚ ਵੱਸਦੀ ਉਹ ਲੇਖਿਕਾ ਹੈ ਜਿਸਨੇ ਆਪਣੀਆਂ ਲਿਖਤਾਂ ਵਿੱਚ ਸਮੇਂ ਦੀਆਂ ਤਲਖ਼ ਹਕੀਕਤਾਂ ਨੂੰ ਬੇ-ਬਾਕੀ ਨਾਲ ਪੇਸ਼ ਕੀਤਾ ਹੈ।



ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇੱਕ ਮਰਦੇ ਕਾਮਿਲ ਨੇ ਜਗਾਯਾ ਖ਼ੁਆਬ ਸੇ।

ਜਿੱਥੇ ਡਾ. ਮੁਹੰਮਦ ਇਕਬਾਲ ਦਾ ਇਹ ਸ਼ੇਅਰ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਦੁੱਤੀ ਸ਼ਖ਼ਸੀਅਤ ਦੀ ਤਰਜਮਾਨੀ ਕਰਦਾ ਹੈ ਉਥੇ ਭਾਈ ਗੁਰਦਾਸ ਜੀ ਨੇ ਵੀ ਉਹਨਾਂ ਦੇ ਆਗਮਨ ਬਾਰੇ ਲਿਖਦਿਆਂ ਹੋਇਆਂ ਕਿਹਾ ਹੈ ਕਿ ਸੁਣੀ ਪੁਕਾਰ ਦਾਤਾਰ ਪ੍ਰਭ ਗੁਰੁ ਨਾਨਕ ਜਗ ਮਾਹਿ ਪਠਾਇਆ। (ਵਾਰ 1 ਪਉੜੀ 23)

ਅੱਜ ਤੋਂ ਸਾਢੇ ਪੰਜ ਸੌ ਸਾਲ ਪਹਿਲਾਂ, ਜਦ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਇਸ ਧਰਤੀ ਤੇ ਹੋਇਆ ਤਾਂ ਚਾਰੇ ਪਾਸੇ ਕੂੜ੍ਹ ਦਾ ਬੋਲ ਬਾਲਾ ਸੀ। ਉਸ ਸਮੇਂ ਦੇ ਤਿੰਨ ਪ੍ਰਮੁੱਖ ਮੱਤ ਸਨ ਹਿੰਦੂ ਮੱਤ, ਇਸਲਾਮ ਤੇ ਜੋਗ ਮੱਤ। ਪਰੰਤੂ ਤਿੰਨਾਂ ਵਿੱਚ ਹੀ ਗਿਰਾਵਟ ਇੰਨੀ ਆ ਚੁੱਕੀ ਸੀ ਕਿ ਕੋਈ ਵੀ ਮਾਨਵਤਾ ਨੂੰ ਸਹੀ ਸੇਧ ਦੇਣ ਦੇ ਕਾਬਲ ਨਹੀਂ ਸੀ ਰਿਹਾ। ਲੋਕ ਅੰਧ ਵਿਸ਼ਵਾਸਾਂ ਤੇ ਵਹਿਮਾਂ ਭਰਮਾਂ ਦੇ ਜਾਲ਼ ਵਿੱਚ ਫਸ ਕੇ ਆਪਣਾ ਮਨੁੱਖਾ ਜਨਮ ਵਿਅਰਥ ਗੁਆ ਰਹੇ ਸਨ। ਸੋ ਉਸ ਵੇਲੇ ਧਰਤੀ ਦੀ ਪੁਕਾਰ ਸੁਣ ਕੇ ਪ੍ਰਮਾਤਮਾ ਨੇ ਆਪਣਾ ਦੂਤ ਗੁਰੂ ਨਾਨਕ ਇਸ ਦੁਨੀਆ ਵਿੱਚ ਭੇਜਿਆ, ਜਿਸ ਦੇ ਆਉਣ ਨਾਲ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ।
.........
ਗੁਰਮੁਖ ਕਲਿ ਵਿਚ ਪਰਗਟੁ ਹੋਆ। (ਵਾਰ 1 ਪਉੜੀ 27)

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਾਂ ਉਹਨਾਂ ਦੀ ਸ਼ਖ਼ਸੀਅਤ ਬਾਰੇ ਕੋਈ ਗਲ ਕਰਨੀ ਤਾਂ ਸੂਰਜ ਨੂੰ ਦੀਵਾ ਦਿਖਾਉਣ ਵਾਲੀ ਗੱਲ ਹੈ

ਏਵਡ ਊਚਾ ਹੋਵੈ ਕੋਇ॥
ਤਿਸੁ ਊਚੇ ਕਉ ਜਾਣੈ ਸੋਇ॥ (ਜਪੁਜੀ ਸਾਹਿਬ੍ ਅੰਗ 5)

ਫਿਰ ਵੀ ਆਓ, ਆਪਣੀ ਤੁੱਛ ਜਿਹੀ ਬੁੱਧੀ ਅਨੁਸਾਰ ਸੱਚ ਦਾ ਹੋਕਾ ਦਿੰਦੀ ਉਹਨਾਂ ਦੀ ਬਾਣੀ ਦੇ ਕੁੱਝ ਕੁ ਅੰਸ਼ਾਂ 'ਤੇ ਵਿਚਾਰ ਕਰਨ ਦੀ ਨਿਮਾਣੀ ਜਿਹੀ ਕੋਸ਼ਿਸ਼ ਕਰੀਏ।

ਬਾਬੇ ਨਾਨਕ ਨੇ ਭੁੱਲੀ ਭਟਕੀ ਲੋਕਾਈ ਨੂੰ ਜ਼ਿੰਦਗੀ ਜਿਊਣ ਦਾ ਬੜਾ ਸੁਖਾਲਾ ਜਿਹਾ ਢੰਗ ਸਿਖਾਇਆ। ਸੂਰਜ, ਚੰਦਰਮਾ, ਰੁੱਖਾਂ, ਪਸ਼ੂਆਂ, ਪੱਥਰਾਂ, ਦੇਵੀ-ਦੇਵਤਿਆਂ ਦੀ ਪੂਜਾ ਕਰਨ ਵਾਲਿਆਂ ਨੂੰ, ਇਸ ਸਾਰੀ ਸ੍ਰਿਸ਼ਟੀ ਦੇ ਰਚਨਹਾਰੇ ਇੱਕ ਨਿਰੰਕਾਰ ਨਾਲ ਜੋੜਿਆ। ਉਸ ਦਾ 'ਇੱਕ ਓਅੰਕਾਰ' ਦਾ ਨਾਅਰਾ, ਇੱਕ ਬਹੁਤ ਵੱਡਾ ਕ੍ਰਾਂਤੀਕਾਰੀ ਕਦਮ ਸੀ। ਕਿੰਨੀ ਵੱਡੀ ਸਚਾਈ ਛੁਪੀ ਹੈ, ਇਹਨਾਂ ਦੋ ਲਫਜ਼ਾਂ 'ਚ। ਇਹ ਅਕਾਲ ਪੁਰਖ ਪ੍ਰਮੇਸ਼ਰ ਦੇ ਸਰਗੁਣ ਤੇ ਨਿਰਗੁਣ ਦੋਹਾਂ ਸਰੂਪਾਂ ਦੀ ਵਿਆਖਿਆ ਕਰਦੇ ਹਨ। ਭਾਵ ਉਹ ਪਰਮਾਤਮਾ, ਇਸ ਬ੍ਰਹਿਮੰਡ ਦੀ ਰਚਨਾ ਕਰਨ ਵਾਲਾ ਵੀ ਹੈ ਤੇ ਇਸ ਦੇ ਕਣ-ਕਣ ਵਿੱਚ ਸਮਾਇਆ ਹੋਇਆ ਵੀ ਹੈ। ਇਹ ਖੰਡ-ਬ੍ਰਹਿਮੰਡ, ਆਕਾਸ਼-ਪਾਤਾਲ, ਕੁਦਰਤ ਤੇ ਧਰਤੀ 'ਤੇ ਪੈਦਾ ਹੋਈਆਂ ਚੁਰਾਸੀ ਲੱਖ ਜੂਨਾਂ, ਚੰਨ, ਸੂਰਜ, ਧਰਤੀ ਸਮੇਤ ਸਾਰੇ ਗ੍ਰਹਿ ਉਸ ਦੇ ਹੁਕਮ ਵਿੱਚ ਬੱਝੇ ਆਪੋ ਆਪਣਾ ਰੋਲ ਨਿਭਾਅ ਰਹੇ ਹਨ। ਪਰ ਉਸ ਦੀ ਜਾਂ ਉਸ ਦੀ ਰਚਨਾ ਦੀ ਥਾਹ ਪਾਉਣੀ ਕਿਸੇ ਮਨੁੱਖੀ ਦਿਮਾਗ ਦੇ ਵੱਸ ਦੀ ਗੱਲ ਨਹੀਂ

ਪਾਤਾਲਾ ਪਾਤਾਲ ਲੱਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪਿ॥ (ਜਪੁਜੀ ਸਾਹਿਬ)

ਉਸ ਸਮੇਂ ਦੇ ਪੁਜਾਰੀ ਵਰਗ ਵਲੋਂ ਹਜ਼ਾਰਾਂ ਸਾਲਾਂ ਤੋਂ ਬਣਾਈਆਂ ਪੁਰਾਣੀਆਂ ਮਿੱਥਾਂ ਨੂੰ ਤੋੜਨਾ ਕੋਈ ਆਸਾਨ ਕੰਮ ਨਹੀਂ ਸੀ। ਪਰ ਮੇਰੇ ਬਾਬੇ ਨਾਨਕ ਨੇ ਕਿਸੇ ਨਾਲ ਲੜਾਈ ਨਹੀਂ ਕੀਤੀ, ਉੱਚਾ ਨਹੀਂ ਬੋਲਿਆ ਸਗੋਂ ਬੜੇ ਹੀ ਠਰੰਮ੍ਹੇ ਨਾਲ ਗੱਲ ਦਲੀਲ ਨਾਲ ਸਮਝਾਈ। ਪੁਜਾਰੀ ਵਰਗ ਨੂੰ ਬਾਣੀ ਰਾਹੀਂ ਐਸੇ ਸੁਆਲ ਕੀਤੇ, ਜਿਹਨਾਂ ਦੇ ਉਹਨਾਂ ਕੋਲ ਕੋਈ ਜੁਆਬ ਨਹੀਂ ਸਨ। ਉਦਾਹਰਣ ਦੇ

ਤੌਰ ‘ਤੇ, ਉਸ ਵਕਤ ਲੋਕਾਂ ਦੇ ਦਿਲੋ-ਦਿਮਾਗ ਤੇ ਇਹ ਗੱਲ ਬਿਠਾ ਦਿੱਤੀ ਗਈ ਸੀ ਕਿ ਧਰਤੀ ਇੱਕ ਬਲਦ ਦੇ ਸਿੰਗ ‘ਤੇ ਖੜ੍ਹੀ ਹੈ ਤੇ ਜਦੋਂ ਬਲਦ ਸਿੰਗ ਬਦਲਦਾ ਹੈ ਤਾਂ ਭੁਚਾਲ ਆਉਂਦਾ ਹੈ। ਪਰ ਬਾਬੇ ਨਾਨਕ ਨੇ ਸਹਿਜ ਸੁਭਾਅ ਹੀ ਕਹਿ ਦਿੱਤਾ ਕਿ

ਧੌਲੁ ਧਰਮ ਦਇਆ ਕਾ ਪੂਤੁ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥
ਜੇ ਕੋ ਬੁਝੈ ਹੋਵੈ ਸਚਿਆਰੁ॥
ਧਵਲੈ ਉਪਰਿ ਕੇਤਾ ਭਾਰੁ॥
ਧਰਤੀ ਹੋਰੁ ਪਰੈ ਹੋਰੁ ਹੋਰੁ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ॥ (ਜਪੁਜੀ ਸਾਹਿਬ)

ਗੁਰੂ ਨਾਨਕ ਤਾਂ ਸ੍ਰਿਸ਼ਟੀ ਦੇ ਪੈਦਾ ਹੋਣ ਤੋਂ ਪਹਿਲਾਂ ਦੇ ਹਾਲਾਤ ਦਾ ਵੀ ਆਪਣੀ ਬਾਣੀ ਵਿੱਚ ਬਿਆਨ ਕਰ ਰਹੇ ਹਨ:-

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨ ਰੈਨਿ ਨ ਚੰਦੁ ਨ ਸੂਰਜ ਸੁੰਨ ਸਮਾਧਿ ਲਗਾਇਦਾ॥ (ਅੰਗ 1035)

ਭਾਵ ਜਦ ਧਰਤੀ ਆਕਾਸ਼ ਪਾਤਾਲ ਚੰਦ ਸੂਰਜ ਕੁੱਝ ਵੀ ਨਹੀਂ ਸੀ ਤਾਂ ਉਦੋਂ ਇੱਕ ਪਰਮਾਤਮਾ ਹੀ ਮਾਨੋ ਸਮਾਧੀ ਲਾਈ ਬੈਠਾ ਸੀ। ਤੇ ਫਿਰ ਉਸ ਤੋਂ ਸ੍ਰਿਸ਼ਟੀ ਦੀ ਰਚਨਾ ਕਿਵੇਂ ਹੋਈ, ਬਾਰੇ ਦੱਸਦੇ ਹੋਏ ਬਾਬਾ ਨਾਨਕ ਫੁਰਮਾ ਰਹੇ ਹਨ ਕਿ

ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਏ ਲਖ ਦਰੀਆਉ॥ (ਜਪੁਜੀ ਸਾਹਿਬ੍ ਅੰਗ 3)

ਉਸ ਦੇ ਇੱਕ ਹੁਕਮ ਨਾਲ ਹੀ ਸਾਰੀ ਕਾਇਨਾਤ ਦਾ ਪਸਾਰਾ ਹੋ ਗਿਆ। ਫਿਰ ਆਪ ਹੀ ਜਗਿਆਸੂ ਵਲੋਂ ਸੁਆਲ ਕਰਦੇ ਹਨ:-

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥

ਇਸ ਦੇ ਉੱਤਰ ਵਿੱਚ ਆਪ ਹੀ ਫੁਰਮਾਉਂਦੇ ਹਨ:-

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖ ਪੁਰਾਣੁ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖ ਕੁਰਾਣੁ॥

ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥ (ਜਪੁਜੀ ਸਾਹਿਬ)

ਬਾਬੇ ਨਾਨਕ ਨੇ ਚਾਰੇ ਦਿਸ਼ਾਵਾਂ ਵਿੱਚ ਚਾਰ ਉਦਾਸੀਆਂ ਕਰਕੇ, 23 ਸਾਲ ਪੈਦਲ ਚਲ ਕੇ, ਤਪਦੀ ਲੋਕਾਈ ਨੂੰ ਠੰਢ ਵਰਤਾਈ। ਹਰਦੁਆਰ ਗਏ ਤਾਂ ਪਿੱਤਰਾਂ ਨੂੰ ਪਾਣੀ ਦੇ ਰਹੇ ਲੋਕਾਂ ਨੂੰ ਸਮਝਾਉਣ ਲਈ, ਆਪ ਉਲਟ ਪਾਸੇ ਪਾਣੀ ਦੇਣ ਲੱਗ ਪਏ। ਪੁਜਾਰੀਆਂ ਦੇ ਸੁਆਲ ਪੁੱਛਣ ਤੇ ਆਪ ਜੀ ਨੇ ਉੱਤਰ ਦਿੱਤਾ ਕਿ ਜੇ ਤੁਹਾਡਾ ਪਾਣੀ ਉਹਨਾਂ ਪਿੱਤਰਾਂ ਤੱਕ ਪਹੁੰਚ ਸਕਦਾ ਹੈ, ਜਿਹਨਾਂ ਦਾ ਕੋਈ ਥਹੁ ਪਤਾ ਨਹੀਂ ਤਾਂ ਮੇਰਾ ਪਾਣੀ ਕਰਤਾਰਪੁਰ ਮੇਰੇ ਖੇਤ ਵਿੱਚ ਕਿਉਂ ਨਹੀਂ ਪਹੁੰਚੇਗਾ, ਜਿਸ ਦਾ ਮੈਨੂੰ ਪਤਾ ਹੈ।

ਆਪਣੇ ਹਥੀਂ ਆਪਣਾ ਆਪੇ ਹੀ ਕਾਜੁ ਸਵਾਰੀਐ॥ (ਅੰਗ 473) ਰਾਹੀਂ ਕਿਰਤ ਕਰਨ ਦਾ ਸੰਕਲਪ ਦਿੱਤਾ। ਆਪ ਵੀ 70 ਸਾਲ ਦੀ ਆਯੂ ਵਿੱਚ, ਕਰਤਾਰਪੁਰ ਵਿਖੇ ਹਲ਼ ਵਾਹ ਕੇ ਕਿਰਤ ਕਰਨ ਦੀ ਮਿਸਾਲ ਕਾਇਮ ਕੀਤੀ।

ਬਾਬੇ ਨਾਨਕ ਦੀ ਸੱਚ ਦੀ ਬਾਣੀ ਦੇ ਬਾਣ, ਕੁਕਰਮ ਕਰਨ ਵਾਲੇ ਦੇ ਦਿਲ ਵਿੱਚ ਖੁੱਭ ਜਾਂਦੇ ਤੇ ਉਹ ਆਪਣੇ ਗੁਨਾਹ ਕਬੂਲ ਕਰ, ਅੱਗੋਂ ਤੋਂ ਤੋਬਾ ਕਰ, ਸੱਚ ਦੇ ਲੜ ਲੱਗ ਜਾਂਦਾ। ਸੱਜਣ ਠੱਗ ਦੀ ਸਾਖੀ ਆਪਾਂ ਸਾਰਿਆਂ ਨੇ ਸੁਣੀ ਹੋਈ ਹੈ ਕਿ ਜਿਹੜਾ ਸੱਜਣ ਅਨੇਕਾਂ ਲੋਕਾਂ ਨੂੰ ਮਿੱਠਾ ਪਿਆਰਾ ਬਣ ਕੇ ਲੁੱਟ ਚੁੱਕਾ ਸੀ, ਸ੍ਰੀ ਗੁਰੂ ਨਾਨਕ ਦੀ 'ਸੂਹੀ ਰਾਗੁ' ਵਿੱਚ ਉਚਾਰੀ ਇਸ ਬਾਣੀ ਨੂੰ ਸੁਣ ਕੇ ਉਸ ਦੇ ਵੀ ਪਾਪ ਕੰਬਣ ਲੱਗੇ ਤੇ ਉਹ ਆਪ ਜੀ ਦੇ ਚਰਨਾਂ ਤੇ ਢਹਿ ਪਿਆ

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥ (ਅੰਗ 729)

ਉਸ ਵੇਲੇ ਇਹ ਵੀ ਸੰਕਲਪ ਆਮ ਪ੍ਰਚਲਿਤ ਸੀ ਕਿ ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਨ ਨਾਲ ਸਾਰੇ ਪਾਪ ਧੋਤੇ ਜਾਂਦੇ ਹਨ। ਪਰ ਬਾਬੇ ਨਾਨਕ ਨੇ ਇਸ ਤੇ ਕਟਾਖਸ਼ ਕਰਦੇ ਹੋਏ ਕਿਹਾ ਕਿ ਘਰ ਬੈਠ ਕੇ ਸੱਚੇ ਮਨ ਨਾਲ ਨਾਮ ਜਪਣਾ ਵੀ ਤੀਰਥ ਹੈ:

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥

ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥ (ਅੰਗ 687)

ਬਾਹਰਲੇ ਕਰਮ ਕਾਂਡਾਂ ਨਾਲੋਂ ਮਨ ਦੀ ਸ਼ੁਧੀ ਤੇ ਜ਼ੋਰ ਦਿੰਦਿਆਂ ਉਚਾਰਣ ਕਰਦੇ ਹਨ:

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥ (ਅੰਗ 789)

ਉਹਨਾਂ ਸਮਿਆਂ ਵਿੱਚ ਬਹੁਤ ਸਾਰੇ ਜੋਤਸ਼ੀ, ਤਾਂਤਰਿਕ, ਪੰਡਤ ਜਾਂ ਬਾਬੇ ਕਹਾਉਣ ਵਾਲੇ ਲੋਕ ਵੀ ਦੁੱਖਾਂ-ਕਸ਼ਟਾਂ ਵਿੱਚ ਫਸੇ ਲੋਕਾਂ ਨੂੰ ਮੰਤਰਾਂ ਦੇ ਤਵੀਤ ਬਣਾ ਕੇ ਦਿੰਦੇ ਤੇ ਚੋਖੀ ਮਾਇਆ ਵਸੂਲ ਲੈਂਦੇ ਜੋ ਅੱਜ ਵੀ ਜਾਰੀ ਹੈ। ਗੁਰੂ ਸਾਹਿਬ ਉਹਨਾਂ ਨੂੰ ਫਿੱਟ ਲਾਹਨਤ ਪਾਉਂਦੇ ਹੋਏ ਕਹਿ ਰਹੇ ਹਨ ਕਿ

ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥ (ਅੰਗ 1245)

ਅਤੇ ਵਿਹਲੜ ਤੇ ਪੂਜਾ ਦਾ ਮਾਲ ਖਾਣ ਵਾਲਿਆਂ ਨੂੰ ਵੀ ਫਿਟਕਾਰਦੇ ਹੋਏ ਫੁਰਮਾਉਂਦੇ ਹਨ:-

ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥
ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ॥ (ਅੰਗ 790)

ਰਾਜ, ਧਨ, ਉੱਚੀ ਜਾਤ, ਸੁਹੱਪਣ ਤੇ ਜਵਾਨੀ ਆਦਿ ਦਾ ਹੰਕਾਰ ਕਰਨ ਵਾਲਿਆਂ ਨੂੰ ਵੀ ਸਮਝਾ ਰਹੇ ਹਨ:-

ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥
ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ॥ (ਅੰਗ 1288)

ਉਹ ਜ਼ੁਲਮ ਜਬਰ ਕਰਨ ਵਾਲਿਆਂ ਨੂੰ ਵੰਗਾਰਨ ਤੋਂ ਵੀ ਗੁਰੇਜ਼ ਨਹੀਂ ਕਰਦੇ

ਰਾਜੇ ਸ਼ੀਹ ਮੁਕੱਦਮ ਕੁਤੇ॥
ਜਾਇ ਜਗਾਇਨਿ ਬੈਠੇ ਸੁਤੇ॥(ਅੰਗ 1288)

ਇਹ ਕਹਿਣ ਦੀ ਜੁਰਅਤ ਮੇਰੇ ਬਾਬੇ ਨਾਨਕ ਤੋਂ ਬਿਨਾਂ ਹੋਰ ਕੌਣ ਕਰ ਸਕਦਾ ਹੈ ਉਸ ਸਮੇਂ ਦੇ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਜਦ ਕਿ ਮਨੂੰ ਸਮਰਿਤੀ ਅਨੁਸਾਰ ਤਾਂ

ਢੋਰ, ਗਵਾਰ, ਸ਼ੂਦਰ, ਪਸ਼ੂ ਨਾਰੀ।
ਪਾਂਚਹਿ ਤਾੜਨਿ ਕੇ ਅਧਿਕਾਰੀ।

ਅਜੇਹੇ ਵੇਲੇ ਔਰਤ ਦੇ ਹੱਕ 'ਚ ਆਵਾਜ਼ ਬੁਲੰਦ ਕਰਨ ਲਈ, ਮੇਰਾ ਬਾਬਾ ਨਾਨਕ ਹੀ ਮੈਦਾਨ ਵਿੱਚ ਨਿਤਰਦਾ ਹੈ ਅਤੇ ਔਰਤ ਨੂੰ ਦੁਰਕਾਰਨ ਵਾਲਿਆਂ ਨੂੰ ਵੰਗਾਰਦਾ ਹੋਇਆ ਸੁਆਲ ਕਰਦਾ ਹੈ:-

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (ਅੰਗ 473)

ਭਾਵ ਔਰਤ ਰਾਹੀਂ ਜਨਮ ਲੈਂਦੇ ਹੋ, ਔਰਤ ਦੇ ਸਰੀਰ ਵਿੱਚ ਹੀ ਤੁਹਾਡਾ ਸਰੀਰ ਬਣਦਾ ਹੈ। ਔਰਤ ਨਾਲ ਹੀ ਕੁੜਮਾਈ ਤੇ ਵਿਆਹ ਹੁੰਦਾ ਹੈ ਔਰਤ ਰਾਹੀਂ ਹੋਰ ਲੋਕਾਂ ਨਾਲ ਸਬੰਧ ਬਣਦਾ ਹੈ। ਇੱਕ ਔਰਤ ਦੀ ਮੌਤ ਹੋ ਜਾਏ ਤਾਂ ਦੂਜੀ ਦੀ ਭਾਲ ਸ਼ੁਰੂ ਹੋ ਜਾਂਦੀ ਹੈ ਤੇ ਜੋ ਰਾਜਿਆਂ ਦੀ ਜਨਮਦਾਤੀ ਹੈ ਉਸ ਨੂੰ ਮੰਦਾ ਕਿਉਂ ਕਹਿੰਦੇ ਹੋ?

ਮੇਰਾ ਬਾਬਾ ਨਾਨਕ, ਮਲਕ ਭਾਗੋਆਂ ਦਾ ਨਹੀਂ ਲਾਲੋਆਂ ਦਾ ਸੰਗੀ ਹੈ ਕਿਰਤੀਆਂ ਦਾ ਸੰਗੀ ਹੈ।

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨ ਤਿਥੈ ਨਦਰਿ ਤੇਰੀ ਬਖਸੀਸ॥ (ਅੰਗ 15)

ਧਾਰਮਿਕ ਪਹਿਰਾਵੇ ਵਿੱਚ ਰਹਿ ਕੇ, ਭੋਲੇ ਭਾਲੇ ਲੋਕਾਂ ਨੂੰ ਲੁੱਟਣ ਵਾਲਿਆਂ ਨੂੰ ਵੀ ਕਹਿੰਦੇ ਹਨ:-

ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ॥
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥ (ਅੰਗ 85)

ਪਰਾਇਆ ਹੱਕ ਖਾਣ ਵਾਲੇ, ਹਿੰਦੂ ਮੁਸਲਮਾਨ ਦੋਹਾਂ ਨੂੰ ਸਮਝਾਉਂਦੇ ਹਨ:-

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥

ਗੁਰੁ ਪੀਰੁ ਹਾਮਾ ਤਾ ਭਰੇ ਜਾ, ਮੁਰਦਾਰੁ ਨ ਖਾਇ॥ (ਅੰਗ 141)

ਬਾਬੇ ਨਾਨਕ ਨੇ ਵਿਹਲੜਾਂ ਤੇ ਮੰਗ ਕੇ ਖਾਣ ਵਾਲਿਆਂ ਨੂੰ ਨਕਾਰਿਆ ਤੇ ਕਿਰਤੀਆਂ ਨੂੰ ਵਡਿਆਇਆ। ਪਹਾੜਾਂ ਦੀਆਂ ਕੁੰਦਰਾਂ 'ਚ ਬੈਠੇ ਜੋਗੀਆਂ ਨਾਲ ਸੰਵਾਦ ਰਚਾਏ। ਉਹਨਾਂ ਨੂੰ ਸੁਆਲ ਕੀਤੇ ਕਿ 'ਇੱਕ ਪਾਸੇ ਤਾਂ ਤੁਸੀਂ ਗ੍ਰਹਿਸਤ ਆਸ਼ਰਮ ਤਿਆਗ ਕੇ, ਜੋਗ ਮੱਤ ਰਾਹੀਂ ਰਿੱਧੀਆਂ ਸਿੱਧੀਆਂ ਪ੍ਰਾਪਤ ਕਰੀ ਬੈਠੇ ਹੋ ਪਰ ਦੂਜੇ ਪਾਸੇ ਖਾਣਾ ਮੰਗਣ ਫਿਰ ਗ੍ਰਹਿਸਥੀਆਂ ਦੇ ਘਰੀਂ ਜਾਂਦੇ ਹੋ। ਉਹਨਾਂ ਨੂੰ ਸਮਝਾਉਂਦੇ ਹੋਏ ਆਪ ਉਚਾਰਣ ਕਰਦੇ ਹਨ:-

ਜੋਗੁ ਨ ਖਿੰਥਾ ਜੋਗੁ ਨਾ ਡੰਡੈ ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਈਐ ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨ ਰਹੀਐ ਜੋਗ ਜੁਗਤਿ ਇਵ ਪਾਈਐ॥ (ਅੰਗ 730)

ਸਾਥੀਓ, ਇਸ ਸਾਲ ਬਾਬੇ ਨਾਨਕ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਜਸ਼ਨ ਹੋ ਰਹੇ ਹਨ, ਜੋ ਦੇਸ਼ ਵਿਦੇਸ਼ 'ਚ ਸਾਰਾ ਸਾਲ ਭਾਵ ਅਗਲੇ ਨਵੰਬਰ ਤੱਕ ਚਲਣਗੇ। ਇਸ ਵਿੱਚ ਗੁਰੂ ਘਰਾਂ ਦੀ ਸਜਾਵਟ, ਕਥਾ ਕੀਰਤਨ ਤੋਂ ਇਲਾਵਾ ਵੰਨ ਸੁਵੰਨੇ ਪਕਵਾਨ ਵੀ ਲੰਗਰ ਵਿੱਚ ਸ਼ਾਮਲ ਹੋਣਗੇ। ਨਗਰ ਕੀਰਤਨ ਵੀ ਹੋਣਗੇ। ਹੋ ਸਕਦਾ ਹੈ, ਅਸੀਂ ਖੁਸ਼ੀ ਦਾ ਇਜ਼ਹਾਰ ਕਰਨ ਲਈ, ਪਟਾਖੇ ਜਾਂ ਆਤਸ਼ਬਾਜ਼ੀ ਵੀ ਚਲਾਈਏ। ਪਰ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਕੀ ਅਸੀਂ ਬਾਬੇ ਨਾਨਕ ਦੀ ਤੁਕ ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ॥ (ਸਲੋਕ ਜਪੁਜੀ ਸਾਹਿਬ) ਤੇ ਅਮਲ ਕਰਦੇ ਹਾਂ?

ਆਓ, ਅੱਜ ਆਪਣੇ ਆਪ ਨੂੰ ਵੀ ਕੁੱਝ ਸੁਆਲ ਕਰੀਏ। ਤਕਰੀਬਨ ਢਾਈ ਸੌ ਸਾਲ ਦਾ ਸਮਾਂ ਲਾ ਕੇ ਦਸ ਜਾਮੇ ਧਾਰਨ ਕਰਕੇ, ਵਹਿਮਾਂ ਭਰਮਾਂ ਦੇ ਜਿਸ ਅੰਨ੍ਹੇ ਖੂਹ ਵਿੱਚੋਂ ਸਾਨੂੰ ਬਾਬੇ ਨਾਨਕ ਨੇ ਬਾਹਰ ਕੱਢਿਆ ਸੀ, ਕੀ ਅਸੀਂ ਮੁੜ ਉਸੇ ਵਿੱਚ ਤਾਂ ਨਹੀਂ ਡਿਗ ਪਏ? ਕਿਤੇ ਅੱਜ ਵੀ ਪੁਜਾਰੀ ਵਰਗ ਚਾਹੇ ਉਹ ਕਿਸੇ ਵੀ ਪਹਿਰਾਵੇ ਵਿੱਚ ਹੋਵੇ, ਸਾਨੂੰ ਲੁੱਟ ਕੇ ਤਾਂ ਨਹੀਂ ਖਾ ਰਿਹਾ? ਕੀ ਅਸੀਂ ਬਾਬੇ ਨਾਨਕ ਦੀ ਬਾਣੀ ਤੋਂ ਸੇਧ ਲੈ ਕੇ ਚੱਜ ਦਾ ਜੀਵਨ ਜਿਊਣ ਦਾ ਢੰਗ ਸਿੱਖ ਲਿਆ ਹੈ? ਨਾਨਕ ਨਾਮ ਲੇਵਾ ਸੰਗਤਾਂ ਵਿੱਚ ਬਾਬੇ ਨਾਨਕ ਪ੍ਰਤੀ ਅਥਾਹ ਸ਼ਰਧਾ ਹੈ। ਉਹਨਾਂ ਦੇ ਮੁਰੀਦ ਹਿੰਦੂ ਵੀ ਹਨ, ਮੁਸਲਮਾਨ ਵੀ ਹਨ, ਸਿੰਧੀ ਵੀ ਹਨ ਤੇ ਤਿੱਬਤੀ ਵੀ। ਉਹ ਕੁੱਲ ਮਨੁੱਖਤਾ ਦੇ ਰਹਿਬਰ ਹਨ। ਉਸ ਨੇ ਕਿਸੇ ਨੂੰ ਵੀ ਧਰਮ ਪਰਿਵਰਤਨ ਕਰਨ ਨੂੰ ਨਹੀਂ ਕਿਹਾ ਕਦੇ। ਕਿਸੇ ਨਾਲ ਵੈਰ ਵਿਰੋਧ ਨਹੀਂ ਕੀਤਾ। ਮੱਤ ਭੇਦ ਹੁੰਦੇ ਹੋਏ ਵੀ ਕਿਸੇ ਨਾਲ ਝਗੜਾ ਨਹੀਂ ਕੀਤਾ। ਸਭ ਨਾਲ ਸੰਵਾਦ ਰਚਾਇਆ ਤਰਕ ਨਾਲ ਗੱਲ ਕੀਤੀ। ਲੋਕ ਆਪਣੇ ਆਪ ਉਹਨਾਂ ਦੀ

ਵਿਚਾਰਧਾਰਾ ਨਾਲ ਜੁੜਦੇ ਗਏ। ਅੱਜ ਲੋੜ ਹੈ ਬਾਬੇ ਨਾਨਕ ਦੀ ਫਿਲਾਸਫੀ 'ਤੇ ਅਮਲ ਕਰਨ ਦੀ। ਉਸ ਦੀ ਵਿਚਾਰਧਾਰਾ ਨੂੰ ਅਮਲੀ ਰੂਪ ਦੇਣ ਦੀ। ਵਿਰੋਧੀਆਂ ਨਾਲ ਵੀ ਸਿਰ ਜੋੜ ਕੇ ਬੈਠ ਕੇ ਦਲੀਲ ਨਾਲ ਗੱਲ ਕਰਨ ਦੀ। ਤਾਂ ਹੀ ਸਾਡੇ ਮਸਲੇ ਹੱਲ ਹੋ ਸਕਦੇ ਹਨ।

ਆਓ, ਇਸ ਸ਼ੁਭ ਦਿਹਾੜੇ ਤੇ ਬਾਬੇ ਨਾਨਕ ਦਾ ਉਪਦੇਸ਼ ਮਨ 'ਚ ਵਸਾਈਏ

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥ (ਅੰਗ 661)

**ਗੁਰਦੀਸ਼ ਕੌਰ ਗਰੇਵਾਲ**
**ਕੈਲਗਰੀ**
**403-404-1450**
**gurdish.grewal@gmail.com**

**ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਤ੍ਰੈ-ਮਾਸਿਕ ਪੱਤ੍ਰਿਕਾ 'ਪਰਵਾਸ' ਦੇ ਅਗਲੇ ਅੰਕ (ਜਨਵਰੀ-ਮਾਰਚ 2020) ਲਈ ਪਰਵਾਸੀ ਪੰਜਾਬੀ ਲੇਖਕਾਂ ਨੂੰ ਆਪਣੀਆਂ ਰਚਨਾਵਾਂ parvasggn@gmail.com 'ਤੇ ਪਾਸਪੋਰਟ ਸਾਈਜ਼ ਫੋਟੋ, ਪੂਰਾ ਪਤਾ, ਈ-ਮੇਲ ਅਤੇ ਫੋਨ ਨੰਬਰ ਸਮੇਤ ਭੇਜਣ ਦੀ ਬੇਨਤੀ ਕੀਤੀ ਜਾਂਦੀ ਹੈ।**
**ਸੰਪਰਕ: ਪ੍ਰੋ. ਸ਼ਰਨਜੀਤ ਕੌਰ +9195010-27522**
**ਡਾ. ਤੇਜਿੰਦਰ ਕੌਰ +9187290-80250**

# ਗੁਰੂ ਨਾਨਕ ਦਾ ਨਿਰਮਲ ਪੰਥ

ਮਨਜੀਤ ਕੌਰ ਸੇਖੋਂ



ਮਨਜੀਤ ਕੌਰ ਸੇਖੋਂ ਸੈਕਰਾਮੈਂਟੋ ਵੱਸਦੀ ਪ੍ਰਸਿੱਧ ਲੇਖਿਕਾ ਹੈ। ਆਪ ਜੀ ਦੇ ਤਿੰਨ ਕਹਾਣੀ ਸੰਗ੍ਰਹਿ ਅਤੇ ਦੋ ਮਿੰਨੀ ਨਾਵਲ ਆ ਚੁੱਕੇ ਹਨ। ਸੱਭਿਆਚਾਰ ਅਤੇ ਲੋਕਧਾਰਾ ਨਾਲ ਸੰਬਧਿਤ ਦੋ ਪੁਸਤਕਾਂ ਛਪਾਈ ਅਧੀਨ ਹਨ। ਮਾਨਵੀ-ਰਿਸ਼ਤਿਆਂ ਪ੍ਰਤੀ ਗੰਭੀਰ ਸੰਵੇਦਨਸ਼ੀਲਤਾ ਆਪ ਜੀ ਦੀਆਂ ਰਚਨਾਵਾਂ ਵਿੱਚੋਂ ਝਲਕਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਪੰਜਾਬ ਦੀ ਧਰਤੀ ਤੋਂ ਪਰਮਾਤਮਾ ਤੇ ਮਨੁੱਖੀ ਭਾਈਚਾਰਕ ਏਕਤਾ ਦਾ ਨਾਅਰਾ ਬੁਲੰਦ ਕੀਤਾ ਤੇ ਹਿੰਦੁਸਤਾਨ ਦੇ ਲੋਕਾਂ ਨੂੰ ਇੱਕ ਖ਼ੁਆਬ ਇੱਕ ਸੁਪਨੇ ਵਿੱਚੋਂ ਜਗਾ ਕੇ ਤਲਖ਼ ਹਕੀਕਤ ਨਾਲ ਜੋੜਨ ਦੀ ਕਲਾ ਸਿਖਾਈ। ਗੁਰੂ ਨਾਨਕ ਸਾਹਿਬ ਜੀ ਦੀ ਸਾਢੇ ਪੰਜਵੀਂ ਸ਼ਤਾਬਦੀ ਦੇ ਅਨਮੋਲ ਪਲ ਸਾਡੀ ਉਮਰ ਦੇ ਹਿੱਸੇ ਆਏ। ਸਾਡੇ ਵੀ ਧੰਨ ਭਾਗ ਹਨ। ਸੋ ਆਓ, ਇਸ ਪੰਜ ਸੋ ਪੰਜਾਹਵੇਂ ਪੁਰਬ ਨੂੰ ਸਮਰਪਿਤ ਹੋ ਕੇ ਆਪਣੀ ਜ਼ਿੰਦਗੀ ਨੂੰ ਉੱਚੇ ਸੁੱਚੇ ਸਦਾਚਾਰਕ ਜੀਵਨ ਨਾਲ ਜੋੜ ਕੇ ੴ ਨਾਲ ਇੱਕ ਰਸ ਹੋ ਜਾਣ ਦਾ ਅਹਿਦ ਕਰੀਏ। ਸੰਸਾਰ ਵਿੱਚ ਤਕਰੀਬਨ ਛੇ ਹਜ਼ਾਰ ਬੋਲੀਆਂ ਬੋਲੀਆਂ ਜਾਂਦੀਆਂ ਹਨ। ਪਰ ਮੁੱਖ ਤੌਰ ਤੇ ਮੁਢਲੀਆਂ ਤਿੰਨ ਹੀ ਨੇ, ਬਾਕੀ ਤਾਂ ਉਨ੍ਹਾਂ ਦਾ ਹੀ ਰੁਪਾਂਤਰਣ ਹੁੰਦਾ ਹੈ। ਪਹਿਲੀ ਗਣਿਤ ਦੀ ਭਾਸ਼ਾ ਅੰਕ ਵਿਗਿਆਨ (numerical), ਦੂਜੀ ਹੈ ਲਿੱਪੀ (alphabetical )ਤੇ ਤੀਜੀ ਹੈ ਚਿੰਨ੍ਹ ਦੀ ਭਾਸ਼ਾ (symbols)

ਅੱਜ ਤੱਕ ਕੋਈ ਐਸਾ ਭਾਸ਼ਾ ਵਿਗਿਆਨੀ ਨਹੀਂ ਹੋਇਆ, ਜਿਸ ਨੇ ਤਿੰਨ ਭਾਸ਼ਾਵਾਂ ਦਾ ਸੁਮੇਲ ਕੀਤਾ ਹੋਵੇ। ਕੋਈ ਵੀ ਅਜਿਹਾ ਗ੍ਰੰਥ ਨਹੀਂ, ਜਿਸ ਦੀ ਸ਼ੁਰੂਆਤ ਅੰਕ ਤੋਂ ਹੋਵੇ ਸਿਰਫ ਤੇ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਸ਼ਬਦ ੴ ਵਿੱਚ ਇਹ ਅਦੁੱਤੀ ਸੁਮੇਲ ਉਪਲੱਬਧ ਹੈ। ੧ ਗਿਣਤੀ ਦਾ ਪਹਿਲਾ ਅੰਕ 'ਇਕ' ੳ-ਗੁਰਮੁਖੀ ਲਿੱਪੀ ਦਾ ਪਹਿਲਾ ਅੱਖਰ 'ਊੜਾ' ⌒ ਚਿੰਨ੍ਹ ਭਾਸ਼ਾ ਭਾਵ ਅਨੰਤ। ਜੋ ਊੜੇ ਨੂੰ ਓਅੰਕਾਰ ਬਣਾਉਂਦਾ ਹੈ।

ਸੋ ਗੱਲ ਜ਼ੋਰ ਨਾਲ ਨਹੀਂ ਬਣਦੀ, ਨਾਲ ਜੁਗਤ ਜੋੜਨੀ ਪੈਂਦੀ ਹੈ। ਕਈ ਸਾਲ ਮੀਂਹ ਨਾ ਪਵੇ, ਧਰਤੀ 'ਤੇ ਤਵਾਰੀਖ ਦੇ ਬੀਜ ਮਰ ਨਹੀਂ ਜਾਂਦੇ। ਜਦੋਂ ਵੀ ਬਾਰਿਸ਼ ਆਵੇਗੀ, ਸ਼ਾਨਦਾਰ ਹਰਿਆਵਲ ਉੱਠੇਗੀ। ਆਓ, ਆਪਾਂ ਆਪਣੇ

ਖ਼ੁਆਬ ਦੀ ਨੀਂਦ ਵਿਚੋਂ ਜਾਗੀਏ। ਆਪਣੀ ਅੰਤਰ ਆਤਮਾ ਨਾਲ ਅਹਿਦ ਕਰੀਏ ਕਿ ਅਨੰਤ ਨਾਲ ਇੱਕ ਸੁਰ, ਇੱਕ ਰਸ ਹੋ ਕੇ ਤੁਰੀਏ ਤਾਂ ਜੋ ਇਸ ਖ਼ੂਬਸੂਰਤ ਵਰ੍ਹੇ ਸਾਡੀ ਜ਼ਿੰਦਗੀ ਵਿੱਚ ਸ਼ਾਨਦਾਰ ਹਰਿਆਲੀ ਆ ਜਾਵੇ।

ਸਾਡੇ ਨਾਲ ਹੋਰ ਵੀ ਬੜੇ ਸੁਭਾਗ ਜੁੜੇ ਨੇ। ਅਸਾਂ ਗੁਰੂਆਂ ਪੀਰਾਂ ਦੀ ਧਰਤੀ 'ਤੇ ਜਨਮ ਲਿਆ। ਸਾਡੀ ਮਾਂ ਬੋਲੀ ਗੁਰਮੁੱਖੀ ਹੈ। ਸਾਡੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਅਸੀਂ ਆਪਣੀ ਚੋਗ ਚੁਗਣ ਲਈ ਪਰਵਾਸੀ ਧਰਤੀ 'ਤੇ ਆਏ, ਪੈਰਾਂ ਸਿਰ ਹੋ ਕੇ ਇੱਥੇ ਗੁਰੂ ਅਸਥਾਨ ਗੁਰੂ ਘਰ ਬਣਾਏ। ਸਿਰ ਤੋੜ ਯਤਨ ਕਰ ਰਹੇ ਹਾਂ ਕਿ ਆਪਣੀ ਅਗਲੀ ਪੀੜ੍ਹੀ ਨੂੰ ਊੜੇ ਤੇ ਜੂੜੇ ਨਾਲ ਜੋੜਨ ਦੇ ਸਮਰੱਥ ਹੋ ਸਕੀਏ। ਸਾਡੇ ਬੱਚੇ ਇੱਥੋਂ ਦੇ ਸਕੂਲਾਂ ਵਿੱਚ ਅੰਗਰੇਜ਼ੀ ਪੜ੍ਹਦੇ ਹਨ। ਨਿਰਸੰਦੇਹ ਰੁਜ਼ਗਾਰ ਖਾਤਰ ਇੱਥੇ ਦੀ ਤਾਲੀਮ ਲੈਣੀ ਪੈਂਦੀ ਹੈ। ਹਰ ਐਤਵਾਰ ਗੁਰੂ ਘਰ ਵਿੱਚ ਚੱਲ ਰਹੇ ਗੁਰਮਤਿ ਪੰਜਾਬੀ ਸਕੂਲਾਂ ਵਿੱਚ ਗੁਰਮੁਖੀ, ਗੁਰਬਾਣੀ, ਕੀਰਤਨ ਤੇ ਗਤਕਾ ਆਦਿ ਸਿੱਖਣ ਲਈ ਆ ਜੁੜਦੇ ਹਨ। ਕਈ ਸਰਕਾਰੀ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਹੀ ਹੁਣ ਸਪੈਨਿਸ਼, ਜਰਮਨੀ, ਫਰੈਂਚ ਆਦਿ ਦੇ ਮੁਕਾਬਲੇ 'ਤੇ ਪੰਜਾਬੀ ਭਾਸ਼ਾ ਵੀ ਆਣ ਖਲੋਤੀ ਹੈ, ਜਿਸ ਨੂੰ ਪੰਜਾਬੀਆਂ ਤੋਂ ਇਲਾਵਾ ਹੋਰ ਸੱਭਿਆਚਾਰਾਂ ਦੇ ਲੋਕ ਵੀ ਸ਼ੌਂਕ ਨਾਲ ਪੜ੍ਹਦੇ ਹਨ। ਇਹੀ ਤਾਂ ਮੇਰੇ ਗੁਰੂ ਨਾਨਕ ਦੀਆਂ ਰਹਿਮਤਾਂ ਨੇ।

ਪਿਛਲੇ ਵਰ੍ਹੇ ਸਿਟੀ ਕਾਲਜ ਦੇ ਵਿਦਿਆਰਥੀਆਂ ਨਾਲ ਪੰਜਾਬੀ ਯੂਨੀਵਰਸਿਟੀ ਦੇ ਵਿਦਵਾਨਾਂ ਵੱਲੋਂ ਪ੍ਰਾਪਤ ਇੱਕ ਟ੍ਰੈਕਟ ਦੇ ਕੁਝ ਅੰਸ਼ ਸਾਂਝੇ ਕੀਤੇ ਸਨ। ਉਨ੍ਹਾਂ ਦਾ ਇੱਥੇ ਜ਼ਿਕਰ ਕਰਨਾ ਵੀ ਉਪਯੋਗੀ ਹੋਵੇਗਾ। ਅਸੀਂ ਜਾਣਦੇ ਹਾਂ ਕਿ ਅੰਗਰੇਜ਼ੀ ਤਾਂ ਪਹਿਲਾਂ ਹੀ ਵੰਡੀ ਪਈ ਹੈ ਛੋਟੀ ਅੰਗਰੇਜ਼ੀ ਤੇ ਵੱਡੀ ਅੰਗਰੇਜ਼ੀ ਪਰ ਸਾਡੀ ਪੰਜਾਬੀ ਬੋਲੀ:-

"ਅਵਲਿ ਅਲਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ ॥
ਏਕ ਨੂਰ ਤੇ ਸਭ ਜਗ ਉਪਜਿਆ ਕਉਣ ਭਲੇ ਕੋ ਮੰਦੇ

ਫੇਰ ਅੱਖਰ ਕਿਵੇਂ ਵੱਡੇ ਛੋਟੇ ਹੁੰਦੇ। ਸਾਨੂੰ ਚਾਰ ਲਕੀਰੀ ਕਾਪੀ ਨਹੀਂ ਚਾਹੀਦੀ। ਸਾਡੇ ਅੱਖਰ ਸੁਭਾਵਿਕ ਜੁੜਦੇ ਨੇ। ਸਾਡੇ ਲੋਕ ਵੀ ਜੁੜ ਕੇ ਰਹਿੰਦੇ ਨੇ। ਵੱਡੇ ਪਰਿਵਾਰਾਂ ਵਿੱਚ, ਰਿਸ਼ਤੇਦਾਰਾਂ ਵਿੱਚ, ਮਹਿਮਾਨ ਨਿਵਾਜ਼ੀ ਵਿੱਚ, ਇਕੱਠੇ ਸਫਰ ਕਰਨਾ ਪਿਆ ਤਾਂ ਓਪਰੇ ਨਾਲ ਵੀ ਜਾਣ ਪਛਾਣ ਬਣਾ ਕੇ ਤੁਰੰਤ ਹੀ ਦੋਸਤੀ 'ਚ ਜੁੜ ਜਾਂਦੇ ਹਾਂ। ਸਿਮਰਤੀ ਵਿੱਚ ਉੱਭਰਦੈ, ਜਦੋਂ ਸਭ ਤੋਂ ਪਹਿਲਾਂ ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਿੱਖਣ ਲਈ ਕੀਤੀ ਸੀ, ਉਹ ਸਮੁੱਚੇ ਲੜੀਵਾਰ ਸਰੂਪ ਸਨ। ਸਾਰੀ ਦੀ ਸਾਰੀ ਬਾਣੀ, ਸਾਰੇ ਸ਼ਬਦ ਸਮੁੱਚੇ ਦੇ ਸਮੁੱਚੇ ਇੱਕੋ ਧਾਗੇ ਪਰੋਏ ਹੋਏ ਹਨ। ਸੋ ਅਕਾਲ ਪੁਰਖ ਦੀ ਮਿਹਰ ਦ੍ਰਿਸ਼ਟੀ ਸਦਕਾ ਅਤੇ ਸੰਥਿਆ

ਕਰਵਾਉਣ ਵਾਲੇ ਅਧਿਆਪਕ ਗ੍ਰੰਥੀ ਜੀ ਦੀ ਯੋਗ ਅਗਵਾਈ ਤੇ ਮਿਹਨਤ ਸਦਕਾ ਸਿਖਾਂਦਰੂ ਸਹਿਜੇ ਹੀ ਸ਼ੁੱਧ ਉਚਾਰਣ ਸਿੱਖ ਲੈਂਦਾ ਹੈ।

ਜਦੋਂ ਪੈਂਤੀ ਅੱਖਰ ਲਿਖੇ ਗਏ ਤਾਂ 'ੳ' (ਊੜੇ) ਨੂੰ ਪੁੱਛਿਆ ਗਿਆ, ਬਾਕੀ ਸਾਰੇ ਅੱਖਰ ਬਰਾਬਰ ਨੇ ਤੇ ਤੂੰ ਰਤਾ ਬਾਹਰ ਨੂੰ ਕਿਉਂ? ਕਹਿੰਦਾ ਮੈਂ ਓਅੰਕਾਰ ਬਣਨਾ। ਫਿਰ ਸਭ ਤੋਂ ਅੰਤਲੇ ਅੱਖਰ 'ੜ' (ੜਾੜਾ) ਨੂੰ ਥੋੜਾ ਥੱਲੇ ਵੱਲ ਨਿਕਲਿਆ ਵੇਖਿਆ ਤਾਂ ਉਸ ਨੂੰ ਪੁੱਛਿਆ ਕਿ ਤੂੰ ਬਾਹਰ ਨੂੰ ਕਿਉਂ ਹੈ ਤਾਂ 'ੜ' (ੜਾੜਾ) ਨੇ ਕਿਹਾ ਕਿ ਊੜਾ ਅਰਸ਼ ਵਲ ਜਾਵੇਗਾ ਤੇ ਮੈਂ ਫਰਸ਼ ਵੱਲ। ਮੈਂ ਪੈਰ ਧਰਤ ਤੇ ਟਿਕਾਏ ਨੇ। ਸੋ ਸਾਡੀ ਲਿਪੀ ਅਰਸ਼ ਤੋਂ, ਫਰਸ਼ ਤੱਕ ਫੈਲੀ ਹੋਈ ਹੈ। ਫੇਰ ਵੀ 'ੜ' ਨੂੰ ਬਾਹਰ ਜਾਣ ਦੀ ਗਲਤੀ ਕਾਰਣ ਸਜਾ ਮਿਲੀ  ਕਿ ਤੇਰੇ ਨਾਂ ਤੋਂ ਕਦੀ ਕੋਈ ਅੱਖਰ ਸ਼ੁਰੂ ਨਹੀਂ ਹੋਵੇਗਾ ਸਿਰਫ ਜੇ 'ੜਾੜਾਂ' ਲਿਖਣਾ ਹੋਵੇ ਤਾਂ ਦੋ ਵਾਰ 'ੜਾੜਾ' ਪਵੇਗਾ ਪਰ  ਨਾਲ ਹੀ ਥਾਪੜਾ ਮਿਲਿਆ ਕਿ ਤੇਰੇ ਨਾਲ ਜੁੜ ਜਾਣ ਬਾਅਦ ਕਿਸੇ ਵੀ ਸ਼ਬਦ ਦੇ ਅਰਥ ਗੁੜ੍ਹੇ ਹੋ ਜਾਣਗੇ ਜਿਵੇਂ ਪਿਆਰ ਤੋਂ ਪਿਆਰੜਾ, ਮਿੱਠਾ ਤੋਂ ਮਿੱਠੜਾ।  ਬਿਰਹਾ ਨੂੰ ਭਗਤੀ ਬਣਾਉਣ ਲਈ ਬਿਰਹੜਾ, ਯਾਰ ਦਾ ਅਦਬ ਗੂੜਾ ਕਰਨ ਲਈ ਯਾਰੜਾ।

ਯਾਰੜੇ ਦਾ ਸਾਨੂੰ ਸੱਥਰ ਚੰਗਾ,ਭੱਠ ਖੇੜਿਆ ਦਾ ਰਹਿਣਾ॥

ਸੋ ਜਾਹਿਰ ਹੈ ਕਿ ਇੱਕੋ ਇੱਕ ਭਾਸ਼ਾ ਪੰਜਾਬੀ ਹੈ, ਜਿਸਦੀ ਵਿਆਕਰਣ ਵਿੱਚ ਵੀ ਸਭਿਆਚਾਰ ਹੈ। ਸਾਡੇ ਅਗੇਤਰ-ਪਿਛੇਤਰ ਲੱਗਦੇ ਹਨ। ਜੇ 'ਸ' ਅਗੇਤਰ ਲੱਗ ਜਾਵੇ ਤਾ ਸ਼ਬਦ +ਸਾਕਾਰ (Positive) ਹੋ ਜਾਂਦਾ ਜੇ 'ਕ' ਅਗੇਤਰ ਲੱਗ ਜਾਵੇ ਤਾ ਸ਼ਬਦ ਦੀ ਤਾਸੀਰ -ਰਿਣਾਤਮਕ (Negative) ਹੋ ਜਾਂਦੀ ਹੈ ਜਿਵੇਂ:

| | | | |
|---|---|---|---|
| ਪੁੱਤਰ | ਸਪੁੱਤਰ | ਪੁੱਤਰੀ | ਸਪੁੱਤਰੀ |
| ਪੁੱਤਰ | ਕਪੁੱਤਰ | ਪੁੱਤਰੀ | ? |

ਸਾਡੀ ਭਾਸ਼ਾ ਵਿਚ ਪੁੱਤਰੀ ਨੂੰ 'ਕ' ਅਗੇਤਰ ਨਹੀਂ ਲਾ ਸਕਦੇ। ਇੰਜ ਸੁਪਤਨੀ ਤਾਂ ਹੁੰਦਾ ਹੈ ਪਰ ਕੁਪਤਨੀ ਨਹੀਂ। ਔਰਤ ਦਾ ਅਦਬ ਗੁਰੂ ਨਾਨਕ ਪਾਤਸ਼ਾਹ ਦਾ ਬਖਸ਼ਿਆ ਵਰਦਾਨ ਹੈ। ਇਸਤੋ ਪਹਿਲਾ ਇਸਤਰੀ ਜਾਤੀ ਨੂੰ ਤ੍ਰਿਸਕਾਰ ਦੀ ਨਜ਼ਰ ਨਾਲ ਵੇਖਿਆ ਜਾਂਦਾ ਸੀ। ਤੁਲਸੀ ਦਾਸ ਨੇ ਲਿਖਿਆ ਸੀ:

ਢੋਲ ਗਵਾਰ ਸ਼ੂਦਰ ਪਸ਼ੂ ਨਾਰੀ। ਇਹ ਸਭ ਤਾੜਨ ਕੇ ਅਧਿਕਾਰੀ।

ਗੁਰੂ ਨਾਨਕ ਦੇਵ ਜੀ ਨੇ ਇਸਤਰੀ ਜਾਤ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਕੇ ਮਰਦ ਪ੍ਰਧਾਨ ਸਮਾਜ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਤੇ ਦਰਸਾ ਦਿੱਤਾ ਕਿ ਇਸਤਰੀ ਤੇ ਮਰਦ ਦੋਵੇਂ ਇਕ ਦੂਜੇ ਦੇ ਪੂਰਕ ਹਨ।

ਭੰਡਿ ਜੰਮੀਐ ਭੰਡਿ ਨਿੰਮੀਐ, ਭੰਡਿ ਮੰਗਣੁ ਵੀਆਹੁ॥

......

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਭਾਵ ਇਸਤਰੀ ਦੇ ਗਰਭ ਵਿਚ ਪ੍ਰਾਣੀ ਦਾ ਸਰੀਰ ਬਣਦਾ, ਵਿਗਸਦਾ ਤੇ ਜਨਮ ਲੈਂਦਾ ਹੈ। ਫਿਰ ਇਸਤਰੀ ਦੇ ਨਾਲ ਹੀ ਉਸਦੀ ਕੁੜਮਾਈ ਤੇ ਵਿਆਹ ਹੁੰਦਾ ਹੈ। ਇਸਤਰੀ ਨਾਲ ਦੋਸਤੀ ਪਾ ਕੇ ਇਸਤਰੀ ਤੋਂ ਹੀ ਸੰਸਾਰ ਦੀ ਉਤਪਤੀ ਦਾ ਰਾਹ ਚਲਦਾ ਹੈ। ਇਸਤਰੀ ਦੀ ਮੌਤ ਬਾਅਦ ਹੋਰ ਇਸਤਰੀ ਦੀ ਭਾਲ ਕੀਤੀ ਜਾਂਦੀ ਹੈ। ਇਸਤਰੀ ਤੋਂ ਹੀ ਹੋਰਨਾਂ ਨਾਲ ਰਿਸ਼ਤੇਦਾਰੀ ਬਣਦੀ ਹੈ।

ਉਸ ਇਸਤਰੀ ਨੂੰ ਮੰਦਾ ਕਿਉਂ ਕਹੀਏ, ਜੋ ਰਾਜਿਆਂ ਨੂੰ ਜਨਮ ਦੇਣ ਵਾਲੀ ਹੈ। ਇਸਦਾ ਭਾਵ ਇਹ ਨਹੀਂ ਕਿ ਸਿਰਫ ਉਸੇ ਇਸਤਰੀ ਨੂੰ ਮੰਦਾ ਨਹੀਂ ਕਹਿਣਾ, ਜਿਹਨੇ ਮਹਾਰਾਜਾ ਰਣਜੀਤ ਸਿੰਘ ਦੀ ਮਾਂ ਵਾਂਗ ਰਾਜੇ ਨੂੰ ਪੈਦਾ ਕੀਤਾ ਹੋਵੇ। ਭਾਵ ਅਰਥ ਇਹੀ ਹੈ ਕਿ ਹਰ ਮਾਂ ਦੀ ਸੰਤਾਨ ਉਸ ਲਈ 'ਰਾਜੇ' ਵਾਂਗ ਹੁੰਦੀ ਹੈ, ਭਾਵੇਂ ਉਹ ਗਰੀਬ ਪਰਿਵਾਰ ਚੋਂ ਹੋਵੇ, ਜਾਂ ਰਈਸ ਚੋਂ। ਹਰ ਮਾਂ ਦੀ ਮਮਤਾ ਅਮੋਲਕ ਹੁੰਦੀ ਹੈ ਜੋ ਆਪ ਗਿੱਲੇ ਪੈ ਕੇ, ਬੱਚੇ ਨੂੰ ਸੁੱਕੇ ਪਾ ਕੇ ਆਪਣੀ ਸਮਰਥਾ 'ਚੋਂ ਸਾਰੇ ਸੁੱਖ ਸਹੂਲਤਾਂ ਦੇ ਕੇ ਬੱਚੇ ਨੂੰ ਰਾਜਿਆਂ ਵਾਂਗ ਪਾਲਦੀ ਹੈ, ਫੇਰ ਉਸਨੂੰ ਕਿਉਂ ਮੰਦਾ ਕਹੀਏ?

ਸੰਖੇਪ ਵਿਚ ਇਹੀ ਤੱਤ ਕੱਢ ਸਕਦੇ ਹਾਂ ਗਿ ਗੁਰੂ ਨਾਨਕ ਜੀ ਨੇ ਉਹ ਗੱਲ ਸਮਝਾਈ, ਜਿੱਥੇ ਦੂਜੇ ਧਰਮਾਂ ਦੀ ਪਹੁੰਚ ਨਹੀਂ ਹੋ ਪਾਈ ਸੀ। ਗੁਰੂ ਨਾਨਕ ਦਾ ਪੰਥ ਨਿਆਰਾ ਹੈ, ਸੱਤਿਵਾਦੀ ਹੈ, ਆਸ਼ਾਵਾਦੀ ਹੈ। ਜਿਸਦੇ ਵਿੱਚ ਨਾਂਹਵਾਂਚੀ ਵਿਚਾਰਾਂ ਨੂੰ, ਇਨਕਾਰ ਨੂੰ ਥਾਂ ਨਹੀਂ। ਬਾਬੇ ਨਾਨਕ ਨੇ ਜਨੇਊ ਪਾਊਣ ਤੋਂ ਇਨਕਾਰ ਨਹੀਂ ਕੀਤਾ, ਬਾਬੇ ਨੇ ਕਿਹਾ,'' ਹਈ ਤਾਂ ਪਾਂਡੇ ਘੱਤਿ''। ਬਾਬੇ ਦੇ ਦਰ ਤੋਂ ਇਨਕਾਰ ਨਹੀਂ, ਇਨਕਾਰ ਤੋਂ ਪੈਦਾ ਹੁੰਦਾ ਹੈ ਤਕਰਾਰ। ਤਕਰਾਰ ਤੋਂ ਨਿਕਲਦੀ ਹੈ ਤਲਵਾਰ। ਬਾਬੇ ਨੇ ਸਭ ਜਗ੍ਹਾ ਦਲੀਲ ਵਰਤੀ, ਵਿਚਾਰ ਕੀਤੀ। ਵਿਚਾਰ 'ਚੋਂ ਪਿਆਰ ਨਿਕਲਦਾ ਤੇ ਪਿਆਰ ਤੋਂ ਨਿਰੰਕਾਰ।

ਜਿਨਿ ਪ੍ਰੇਮ ਕੀਓ ਤਿਨਿ ਹੀ ਪ੍ਰਭਿ ਪਾਇਓ॥

ਪੰਡਿਤ ਹਰਦਿਆਲ ਨੂੰ ਬਾਬੇ ਨਾਨਕ ਪੁੱਛਿਆ, ਤੂੰ ਜਨੇਊ ਕਿਉਂ ਪਾਇਆ? ਪੰਡਿਤ ਨੇ ਕਿਹਾ, ਪੰਡਿਤ ਜਾਂ ਖਤਰੀ ਦੇ ਜਾਏ ਨੂੰ 9 ਸਾਲ ਦੀ ਉਮਰ ਵਿਚ ਜਨੇਊ ਪਾਉਣਾ ਜ਼ਰੂਰੀ ਹੈ, ਨਹੀਂ ਤਾਂ ਉਹ ਪੰਡਿਤ, ਖਤਰੀ ਜਾਂ ਧਰਮੀ ਨਹੀਂ ਅਖਵਾ ਸਕਦਾ। ਬਾਬੇ ਪੁੱਛਿਆ, ਦੱਸੋ ਫਿਰ ਧਰਮ ਕਿੱਥੋਂ ਆਰੰਭ ਹੁੰਦਾ? ਤੇ ਸਮਝਾਇਆ, ਤੇਰਾ ਸੂਤ ਦਾ ਜਨੇਊ ਤੈਨੂੰ ਤਾਂ ਧਰਮੀ ਬਣਾਏਗਾ, ਜੇ ਤੇਰਾ ਜਨੇਊ ਦਇਆ ਦੀ ਕਪਾਹ ਤੋਂ ਬਣਿਆ ਹੋਵੇਗਾ। ਕਪਾਹ ਤਾਂ ਕਿਹਾ, ਕਿਉਂ ਜੋ ਜਨੇਊ ਦਾ ਮੂਲ ਕਪਾਹ ਹੈ।

ਦਇਆ ਕਪਾਹ ਸੰਤੋਖ ਸੂਤ ਜਤਿ ਗੰਢੀ ਸਤ ਵੱਟ॥
ਏਹਿ ਜਨੇਊ ਜੀਅ ਕਾ ਹਈ ਤ ਪਾਂਡੇ ਘੱਤਿ॥

'ਜੰਮੇ ਮਾਤਾ ਪਿਤਾ ਬਿਨਾਂ ਬਾਲ ਨਾ ਹੋਈ'। ਧਰਮ ਦਇਆ ਬਿਨਾ ਕਿਵੇਂ ਪੈਦਾ ਹੋਵੇਗਾ? ਇਹ ਵੀ ਗੱਲ ਸੱਚ ਹੈ, ਜਦ ਤੱਕ ਬੱਚਾ ਨਹੀਂ ਹੁੰਦਾ ਤਾਂ ਕੋਈ ਮਾਂ ਵੀ ਨਹੀਂ ਕਹਿੰਦਾ। ਬੱਚੇ ਨੇ ਹੀ ਪੈਦਾ ਹੋ ਕੇ ਮਾਂ ਦਾ ਰਿਸ਼ਤਾ ਪੈਦਾ ਕੀਤਾ ਧਰਮ ਦਇਆ ਦਾ ਪੁੱਤਰ ਹੈ, ਧਰਮ ਨੇ ਹੀ ਦਇਆ ਨੂੰ ਮਾਂ ਦਾ ਦਰਜਾ ਦਿੱਤਾ। ਬ੍ਰਾਹਮਣ ਦੇ ਜਨੇਊ ਵਿੱਚ ਦਇਆ ਨੂੰ ਪਹਿਲੇ ਨੰਬਰ ਤੇ ਰੱਖਿਆ। ਦਸਵੇਂ ਨਾਨਕ ਵੇਲੇ ਖੰਡੇ ਬਾਟੇ ਦੀ ਦਾਤ ਦੇਣ ਸਮੇਂ, ਪੰਜ ਪਿਆਰੇ ਸਾਜਣ ਵੇਲੇ, 'ਦਇਆ ਸਿੰਘ' ਹੀ ਪਹਿਲੇ ਨੰਬਰ ਤੇ ਉੱਠਿਆ।

ਬਾਬੇ ਨਾਨਕ ਨੇ ਲੋਕਾਂ ਦੇ ਪੱਧਰ ਤੇ ਵਿਚਰਕੇ ਹੀ ਲੋਕਾਂ ਨੂੰ ਸੱਚ ਨਾਲ ਜੋੜਿਆ। ਉਹ ਇੱਕੋ ਸਮੇਂ ਗੁਰੂ, ਰਹਿਬਰ, ਸਮਾਜ ਸੁਧਾਰਕ, ਕਵੀ, ਕੀਰਤਨੀਏ, ਗਾਇਕ ਤੇ ਨਾਟਕਕਾਰ ਵੀ ਬਣੇ। ਸਿੰਘ ਰੌਕਸ ਅਨੁਸਾਰ, ਸ਼ਾਇਦ ਧਰਮ ਦੀ ਸ਼ਰਧਾ 'ਚ ਡੁੱਬੇ ਲੋਕਾਂ ਨੂੰ ਹਜ਼ਮ ਨਾ ਹੋਵੇ, ਗੁਰੂ ਨਾਨਕ ਸਾਹਿਬ ਨੂੰ ਗੁਰੂ ਨਾਨਕ ਸਾਹਿਬ ਵਾਲੇ ਲੈਂਜ਼ ਲਾ ਕੇ ਦੇਖਣਾ ਪਵੇਗਾ। ਪੰਡਿਤ ਪੁਜਾਰੀ ਪੂਰਬ ਵੱਲ ਪਾਣੀ ਉਛਾਲ ਰਹੇ ਨੇ। ਮਨਮੱਤ ਫੈਲਾਉਣ ਲਈ ਉਹ ਨਾਟਕ ਕਰ ਰਹੇ ਹਨ। ਗੁਰੂ ਨਾਨਕ ਸਾਹਿਬ ਪਾਸੇ ਖਲੋ ਕੇ ਵਰਜ ਸਕਦੇ ਸਨ। ਉਸੇ ਪਾਣੀ ਵਿੱਚ ਵੜ ਕੇ ਪੱਛਮ ਵੱਲ ਪਾਣੀ ਉਛਾਲਣ ਲੱਗੇ। ਪੰਡਤਾਂ, ਪੁਜਾਰੀਆਂ ਟੋਕਿਆ ਕਿ ਪਿੱਤਰਾਂ ਨੂੰ ਪਾਣੀ ਪੂਰਬ ਵੱਲ ਭੇਜਣਾ ਹੁੰਦਾ ਹੈ। ਬਾਬੇ ਨਾਨਕ ਆਖਿਆ, ਕਰਤਾਰ ਪੁਰ ਵਿਖੇ ਮੇਰੇ ਖੇਤ ਸੁੱਕ ਰਹੇ ਨੇ। ਉੱਥੇ ਪਾਣੀ ਪਹੁੰਚਾ ਰਿਹਾਂ। ਪੰਡਤਾਂ ਕਿਹਾ, ਉੱਥੇ ਇੰਨੀ ਦੂਰ ਪਾਣੀ ਕਿਵੇਂ ਪਹੁੰਚੇਗਾ? ਬਾਬੇ ਕਿਹਾ, ਮੇਰੇ ਖੇਤ ਤਾਂ ਤੁਹਾਡੇ ਸੂਰਜ ਤੋਂ ਬਹੁਤ ਨੇੜੇ ਨੇ। ਜੇ ਤੁਹਾਡਾ ਪਾਣੀ ਸੂਰਜ ਤੱਕ ਪਹੁੰਚ ਸਕਦਾ ਤਾਂ ਮੇਰਾ ਪਾਣੀ ਕਰਤਾਰ ਪੁਰ ਨਹੀਂ ਪਹੁੰਚ ਸਕਦਾ। ਸਾਡਾ ਇਤਿਹਾਸ ਇਸ ਤੱਥ 'ਤੇ ਖੜ੍ਹਾ ਬਾਬੇ ਨੇ ਧਿਆਨ ਖਿੱਚਣਾ ਸੀ ਜੇ ਉਹ ਪੂਰਬ ਵੱਲ ਹੀ ਪਾਣੀ ਉਛਾਲਦੇ, ਕਿਸੇ ਗੌਰ ਨਹੀਂ ਸੀ ਕਰਨਾ, ਧਿਆਨ ਨਹੀਂ ਸੀ ਦੇਣਾ।

ਸੋ ਆਓ, ਇਸ ਸਾਢੇ ਪੰਜ ਸੌਵੇਂ ਪੁਰਬ 'ਤੇ ਮਿਲ ਜੁਲ ਕੇ ਸੰਗਤੀ ਰੂਪ ਵਿੱਚ ਗੁਰੂ ਨਾਨਕ ਦੇ ਨਿਰਮਲ ਪੰਥ ਤੇ ਟੁਰਨ ਦਾ ਮੁਕੱਦਸ ਅਹਿਦ ਕਰੀਏ।

**ਮਨਜੀਤ ਕੌਰ ਸੇਖੋਂ**
**ਸੈਕਰਾਮੈਂਟੋ**
**9166902379**
**mksekhon1@yahoo.com**

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬਹੁਸਭਿਆਚਾਰਕ ਸਮਾਜ ਦਾ ਸੰਕਲਪ

**ਡਾ. ਅਰਵਿੰਦਰ ਸਿੰਘ**

ਯੂਨੀਵਰਸਿਟੀ ਆਫ਼ ਵੂਲਵਰਹੈਂਪਟਨ,(ਇੰਗਲੈਂਡ) ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਅੰਤਰ ਰਾਸ਼ਟਰੀ ਕਾਨਫ਼ਰੰਸ ਵਿਚ ਲੇਖਕ ਵਲੋਂ ਪੇਸ਼ ਕੀਤਾ ਗਿਆ ਖੋਜ-ਪਰਚਾ।



ਮਨੁੱਖੀ ਰਿਸ਼ਤਿਆਂ ਦਾ ਤਾਣਾ ਬਾਣਾ ਬੇਹੱਦ ਸੂਖਮ ਅਤੇ ਸੰਵੇਦਨਸ਼ੀਲ ਹੁੰਦਾ ਹੈ। ਸਮਾਜ ਵਿੱਚ ਵਿਚਰਦਿਆਂ ਹੋਇਆ ਇਹ ਸੰਭਾਵਨਾ ਹਮੇਸ਼ਾ ਬਣੀ ਰਹਿੰਦੀ ਹੈ ਕਿ ਮਨੁੱਖੀ ਰਿਸ਼ਤਿਆਂ ਦੇ ਵਿੱਚ ਜਾਤ, ਧਰਮ, ਰੰਗ, ਰੂਪ, ਆਕਾਰ, ਨਸਲ, ਕਿੱਤੇ ਅਤੇ ਇਲਾਕੇ ਦੇ ਆਧਾਰ 'ਤੇ ਅਨੇਕਾਂ ਕਿਸਮਾਂ ਦੇ ਝਗੜੇ, ਵਿਵਾਦ ਅਤੇ ਤਣਾਅ ਪੂਰਨ ਸਥਿਤੀਆਂ ਪੈਦਾ ਹੋ ਸਕਦੀਆਂ ਹਨ। ਇਸ ਲਈ ਮਨੁੱਖੀ ਰਿਸ਼ਤਿਆਂ ਨੂੰ ਸੁਖਾਵਾਂ ਅਤੇ ਮਜ਼ਬੂਤ ਬਣਾਉਣ ਦੀ ਗੁੰਜਾਇਸ਼ ਹਮੇਸ਼ਾ ਮੌਜੂਦ ਰਹਿੰਦੀ ਹੈ। ਜੇਕਰ ਸਮਾਜ ਵਿੱਚ ਵਿਚਰਦੇ ਹੋਏ ਮਨੁੱਖ ਆਪਸੀ ਸਬੰਧਾਂ ਨੂੰ ਸੁਖਾਵਾਂ ਬਣਾਉਣ ਦੀ ਕੋਸ਼ਿਸ਼ ਨਹੀਂ ਕਰੇਗਾ ਤਾਂ ਇਸ ਦੇ ਗੰਭੀਰ ਸਿੱਟੇ ਨਿਕਲਣਗੇ। ਬਦਕਿਸਮਤੀ ਦੇ ਨਾਲ ਆਮ ਤੌਰ ਤੇ ਦੇਖਣ ਵਿੱਚ ਆਉਂਦਾ ਹੈ ਕਿ ਲੋਕਾਂ ਦੇ ਵਿੱਚ ਸਹਿਣਸ਼ੀਲਤਾ ਦੀ ਸਮਰੱਥਾ ਲਗਾਤਾਰ ਘੱਟਦੀ ਜਾ ਰਹੀ ਹੈ। ਲੋਕ ਇਕ ਦੂਸਰੇ ਦੇ ਵਿਚਾਰਾਂ, ਤਰਜੀਹਾਂ, ਪਸੰਦ ਤੇ ਨਾ ਪਸੰਦ ਅਤੇ ਦੂਸਰਿਆਂ ਦੇ ਮਨੁੱਖੀ ਵਿਵਹਾਰ ਨੂੰ ਸਮਝਣ ਦਾ ਯਤਨ ਕੀਤੇ ਬਿਨਾਂ ਆਪਣੀਆਂ ਇੱਛਾਵਾਂ ਨੂੰ ਦੂਸਰਿਆਂ ਦੇ ਉੱਪਰ ਠੋਸਣ ਦਾ ਲਗਾਤਾਰ ਯਤਨ ਕਰਦੇ ਰਹਿੰਦੇ ਹਨ। ਸਿੱਟੇ ਵਜੋਂ ਵੱਖ ਵੱਖ ਧਰਮਾਂ, ਜਾਤਾਂ, ਭਾਸ਼ਾਵਾਂ ਅਤੇ ਸੱਭਿਆਚਾਰਾਂ ਦੇ ਨਾਲ ਸੰਬੰਧ ਰੱਖਣ ਵਾਲੇ ਲੋਕਾਂ ਦੇ ਆਪਸੀ ਸਬੰਧਾਂ ਦੇ ਵਿੱਚ ਸਥਾਈ ਅਤੇ ਅਸਥਾਈ ਪੱਧਰ ਤੇ ਵਿਵਾਦ ਪੂਰਨ ਸਬੰਧ ਸਥਾਪਿਤ ਹੋ ਜਾਂਦੇ ਹਨ। ਅਜਿਹੀ ਸਥਿਤੀ ਤੋਂ ਮੁਕਤੀ ਹਾਸਲ ਕਰਨ ਦੇ ਲਈ ਇਹ ਜ਼ਰੂਰੀ ਹੈ ਕਿ ਮਨੁੱਖ ਜਾਤੀ ਬਹੁਸਭਿਆਚਾਰਕ ਸਮਾਜ ਅਤੇ ਸ਼ਾਂਤਮਈ ਸਹਿਹੋਂਦ ਦੇ ਸੰਕਲਪ ਅਤੇ ਸੁਪਨੇ ਨੂੰ ਸਾਕਾਰ ਰੂਪ ਦੇਣ ਦੇ ਲਈ ਯਤਨਸ਼ੀਲ ਰਹੇ। ਬਹੁਸਭਿਆਚਾਰਕ ਸਮਾਜ ਉਹ ਸਮਾਜ ਹੁੰਦਾ ਹੈ, ਜਿਸ ਵਿੱਚ ਵੱਖ ਵੱਖ ਧਰਮਾਂ, ਜਾਤਾਂ, ਸੱਭਿਆਚਾਰਾਂ, ਨਸਲਾਂ ਆਦਿ ਨਾਲ ਸਬੰਧ ਰੱਖਣ ਵਾਲੇ ਲੋਕਾਂ ਦੇ ਹਿੱਤਾਂ ਦਾ ਇੱਕ ਸਮਾਨ ਧਿਆਨ ਰੱਖਿਆ ਜਾਂਦਾ

ਹੈ ਅਤੇ ਉਨ੍ਹਾਂ ਦੀਆਂ ਭਾਵਨਾਵਾਂ, ਕਦਰਾਂ ਕੀਮਤਾਂ, ਤਰਜੀਹਾਂ ਅਤੇ ਪਸੰਦ-ਨਾਪਸੰਦ ਨੂੰ ਧਿਆਨ ਵਿੱਚ ਰੱਖਦੇ ਹੋਏ ਨਿਯਮ, ਕਾਨੂੰਨ ਅਤੇ ਵਿਵਸਥਾਵਾਂ ਬਣਾਈਆਂ ਜਾਂਦੀਆਂ ਹਨ। ਅਜਿਹੇ ਸਮਾਜ ਵਿੱਚ ਹਰੇਕ ਵਿਅਕਤੀ ਨੂੰ ਉਸ ਦੀ ਯੋਗਤਾ ਅਤੇ ਸਮਰੱਥਾ ਅਨੁਸਾਰ ਵਿਕਾਸ ਕਰਨ ਦੇ ਸਮਾਨ ਅਵਸਰ ਮੁਹੱਈਆ ਕਰਵਾਏ ਜਾਂਦੇ ਹਨ। ਅਜਿਹੇ ਸਮਾਜ ਵਿਚ ਕਿਸੇ ਵੀ ਵਿਅਕਤੀ ਨਾਲ ਧਰਮ, ਜਾਤ, ਭਾਸ਼ਾ, ਸਭਿਆਚਾਰ, ਨਸਲ, ਰੰਗ ਆਦਿ ਦੇ ਅਧਾਰ ਤੇ ਭੇਦ-ਭਾਵਾਂ ਦੀ ਮਨਾਹੀ ਹੁੰਦੀ ਹੈ।

ਅੱਜ ਤੋਂ ਲੱਗਭਗ 550 ਸਾਲ ਪਹਿਲਾਂ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਏਕਤਾ, ਆਪਸੀ ਭਾਈਚਾਰਾ, ਸ਼ਾਂਤੀ ਅਤੇ ਸਦਭਾਵਨਾ ਦਾ ਇਲਾਹੀ ਸੰਦੇਸ਼ ਦਿੰਦੇ ਹੋਏ, ਸਮਾਜ ਵਿੱਚ ਵਿਚਰਦੇ ਹੋਏ ਵੱਖ-ਵੱਖ ਵਰਗਾਂ ਅਤੇ ਸ਼੍ਰੇਣੀਆਂ ਨਾਲ ਸਬੰਧ ਰੱਖਣ ਵਾਲੇ ਲੋਕਾਂ ਦੇ ਲਈ ਇੱਕ ਬਹੁਸਭਿਆਚਾਰਕ ਸਮਾਜ ਅਤੇ ਸ਼ਾਂਤਮਈ ਸਹਿਹੋਂਦ ਦਾ ਸੰਕਲਪ ਪੇਸ਼ ਕੀਤਾ। ਉਨ੍ਹਾਂ ਨੇ ਮਨੁੱਖ ਨੂੰ ਮਜ਼ਹਬੀ ਜਨੂੰਨ, ਨਸਲੀ ਹਉਂਮੈ ਅਤੇ ਸੱਭਿਆਚਾਰ ਦੇ ਆਧਾਰ 'ਤੇ ਪਾਏ ਜਾਣ ਵਾਲੇ ਕੁੜੱਤਣ ਭਰਪੂਰ ਮਨੁੱਖੀ ਸਬੰਧਾਂ ਤੋਂ ਮੁਕਤੀ ਹਾਸਲ ਕਰਨ ਦੇ ਲਈ ਬਹੁਸਭਿਆਚਾਰਕ ਸਮਾਜ ਦੀ ਸਿਰਜਣਾ ਦੇ ਲਈ ਅਨੇਕਾ ਕਦਮ ਚੁੱਕੇ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਚਾਰਾਤਮਕ, ਅਧਿਆਤਮਕ ਅਤੇ ਸੰਸਥਾਤਮਕ ਪੱਧਰ ਉੱਤੇ ਬਹੁਸਭਿਆਚਾਰਕ ਸਮਾਜ ਦੀ ਨੀਂਹ ਹੀ ਨਹੀਂ ਰੱਖੀ, ਸਗੋਂ ਬਹੁਸਭਿਆਚਾਰਕ ਸਮਾਜ ਅਤੇ ਸ਼ਾਂਤਮਈ ਸਹਿਹੋਂਦ ਦੇ ਸੰਕਲਪ ਨੂੰ ਅਮਲ ਦੇ ਵਿੱਚ ਲਿਆਉਣ ਲਈ ਅਜਿਹੀਆਂ ਸੰਸਥਾਵਾਂ ਦੀ ਸਥਾਪਨਾ ਵੀ ਕੀਤੀ, ਜਿਨ੍ਹਾਂ ਦੇ ਰਾਹੀਂ ਲੋਕਾਂ ਦੇ ਵਿੱਚ ਆਪਸੀ ਪਿਆਰ, ਸਦਭਾਵਨਾ, ਏਕਤਾ ਅਤੇ ਸਹਿਣਸ਼ੀਲਤਾ ਦਾ ਵਿਕਾਸ ਹੋ ਸਕੇ। ਉਨ੍ਹਾਂ ਨੇ ਧਰਮਸਾਲ, ਸੰਗਤ, ਪੰਗਤ ਅਤੇ ਦਸਵੰਧ ਵਰਗੀਆਂ ਸੰਸਥਾਵਾਂ ਦੇ ਰਾਹੀਂ ਇਹ ਇਲਾਹੀ ਸੰਦੇਸ਼ ਦਿੱਤਾ ਕਿ ਸਾਨੂੰ ਸੱਭਿਆਚਾਰਕ ਵਿਭਿੰਨਤਾਵਾਂ, ਵਖਰੇਵਿਆਂ ਆਦਿ ਉੱਪਰ ਆਪਸ ਵਿੱਚ ਝਗੜਨ ਦੀ ਬਜਾਏ ਇੱਕ ਦੂਸਰੇ ਦੇ ਵਿੱਚੋਂ ਨਿਰੰਕਾਰ ਦੇ ਦੀਦਾਰ ਕਰਨ ਦਾ ਢੰਗ ਸਿੱਖਣਾ ਚਾਹੀਦਾ ਹੈ। ਗੁਰੂ ਨਾਨਕ ਨੇ ਲੋਕਾਂ ਵਿੱਚ ਭਾਵਨਾਤਮਕ ਏਕਤਾ ਸਥਾਪਿਤ ਕਰਨ ਦੇ ਮੰਤਵ ਦੇ ਨਾਲ ਸਦੀਆਂ ਪੁਰਾਣੇ ਸਮਾਜਿਕ, ਧਾਰਮਿਕ ਅਤੇ ਸਭਿਆਚਾਰਕ ਭੇਦਭਾਵਾਂ ਨੂੰ ਭੁਲਾ ਕੇ ਲੋਕਾਂ ਦੇ ਵਿੱਚਕਾਰ ਆਪਸੀ ਮੇਲ ਜੋਲ ਅਤੇ ਸ਼ਾਂਤਮਈ ਸਹਿਹੋਂਦ ਦੀ ਭਾਵਨਾ ਨੂੰ ਵਧਾਉਣ ਦੀ ਲੋੜ ਉੱਪਰ ਬਲ ਦਿੱਤਾ। ਉਨ੍ਹਾਂ ਨੇ ਲੋਕਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਇੱਕ ਦੂਸਰੇ ਨੂੰ ਮਲੇਛ ਜਾਂ ਕਾਫ਼ਰ ਦੇ ਰੂਪ ਵਿੱਚ ਨਾ

ਦੇਖਣ, ਸਗੋਂ ਸਭ ਨੂੰ ਇਕ ਪਰਮ ਪਿਤਾ ਪਰਮੇਸ਼ਰ ਦੀ ਔਲਾਦ ਸਮਝਣ। ਬਹੁਸਭਿਆਚਾਰਕ ਸਮਾਜ ਦੀ ਸਥਾਪਨਾ ਦੇ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅੰਤਰ-ਧਰਮ ਸੰਵਾਦ ਰਚਾਉਣ ਉੱਤੇ ਵੀ ਬਲ ਦਿੱਤਾ। ਉਨ੍ਹਾਂ ਨੇ ਵੱਖ ਵੱਖ ਧਾਰਮਿਕ ਅਤੇ ਗਿਆਨ ਪਰੰਪਰਾਵਾਂ ਦੇ ਪ੍ਰਤੀਨਿਧੀਆਂ ਦੇ ਨਾਲ ਸੰਵਾਦ ਰਚਾਇਆ ਅਤੇ ਉਹਨਾਂ ਨੂੰ ਸਦੀਵੀ ਸੱਚ ਦੀ ਖੋਜ ਦੇ ਮਾਰਗ ਨੂੰ ਤਲਾਸ਼ ਕਰਨ ਦੇ ਲਈ ਪ੍ਰੇਰਿਤ ਕੀਤਾ। ਉਹਨਾ ਨੇ ਹਰੇਕ ਮਨੁੱਖ ਨੂੰ ਆਪਣੇ ਧਾਰਮਿਕ ਵਿਸ਼ਵਾਸ਼ ਅਤੇ ਸਭਿਆਚਾਰਕ ਕਦਰਾਂ-ਕੀਮਤਾਂ ਅਨੁਸਾਰ ਜੀਵਨ ਗੁਜਾਰਨ ਲਈ ਧਾਰਮਿਕ ਤੇ ਸਭਿਆਚਾਰਕ ਆਜਾਦੀ ਦੇ ਅਧਿਕਾਰ ਦੀ ਲੋੜ ਉਪਰ ਬਲ ਦਿੱਤਾ। ਉਹਨਾ ਨੇ ਹਰੇਕ ਮਨੁੱਖ ਨੂੰ ਪ੍ਰੇਰਿਤ ਕੀਤਾ ਕਿ ਉਹ ਸਾਰੇ ਧਰਮਾਂ ਦਾ ਸਤਿਕਾਰ ਕਰੇ ਅਤੇ ਆਪਣੇ ਧਰਮ ਦੇ ਮੂਲ ਸਿਧਾਂਤਾਂ ਨੂੰ ਸਮਝਦੇ ਹੋਏ ਜੀਵਨ ਗੁਜਾਰਨ ਦਾ ਯਤਨ ਕਰੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਆਪਣੀਆਂ ਸੱਭਿਆਚਾਰਕ ਕਦਰਾਂ ਕੀਮਤਾਂ ਅਤੇ ਮਨੋਭਾਵਨਾਵਾਂ ਦੇ ਅਨੁਸਾਰ ਜੀਵਨ ਗੁਜ਼ਾਰਨ ਦੀ ਕਲਾ ਵਿੱਚ ਮੁਹਾਰਤ ਹਾਸਲ ਕਰਨ ਦੇ ਨਾਲ ਨਾਲ ਸਮਾਜਿਕ ਵਿਭਿੰਨਤਾਵਾਂ ਅਤੇ ਅਨੇਕਤਾ ਨੂੰ ਸਵੀਕਾਰ ਕਰਦੇ ਹੋਏ ਮਨੁੱਖੀ ਏਕਤਾ ਨੂੰ ਸਥਾਪਿਤ ਕਰਨ ਦੇ ਲਈ ਵੀ ਪ੍ਰੇਰਿਤ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਲੋਕਾਂ ਦੀ ਆਲੋਚਨਾ ਕੀਤੀ, ਜੋ ਕਿਸੇ ਆਰਥਿਕ ਜਾਂ ਰਾਜਨੀਤਕ ਪ੍ਰਭਾਵ ਦੇ ਅਧੀਨ ਆਪਣੀ ਭਾਸ਼ਾ, ਧਾਰਮਿਕ ਅਤੇ ਸੱਭਿਆਚਾਰਕ ਕਦਰਾਂ ਕੀਮਤਾਂ ਦੀ ਅਣਦੇਖੀ ਕਰਕੇ ਸਮਾਜ ਦੇ ਅਖੌਤੀ ਹਾਕਮ ਅਤੇ ਉੱਚ ਵਰਗ ਨੂੰ ਮਹਿਜ ਖੁਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਰੂਹਾਨੀ ਅਤੇ ਮਾਨਸਿਕ ਪੱਧਰ ਉੱਤੇ ਆਪਣੇ ਅੰਦਰ ਅਜਿਹੇ ਬਦਲਾਅ ਲਿਆਉਣ ਦੇ ਲਈ ਕਿਹਾ ਕਿ ਜਿਸ ਦੇ ਸਿੱਟੇ ਵਜੋਂ ਇੱਕ ਸੁਤੰਤਰ, ਨਿਰਪੱਖ ਅਤੇ ਸਹਿਣਸ਼ੀਲ ਸਮਾਜ ਦੀ ਸਥਾਪਨਾ ਕੀਤੀ ਜਾ ਸਕੇ।

ਅਜੋਕੇ ਸਮੇਂ ਦੇ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬਹੁਸਭਿਆਚਾਰਕ ਸਮਾਜ ਅਤੇ ਸ਼ਾਤਮਈ ਸਹਿਹੋਂਦ ਦਾ ਸੰਕਲਪ ਬੇਹੱਦ ਸਾਰਥਕ ਅਤੇ ਤਰਕ-ਸੰਗਤ ਹੈ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਉੱਤੇ ਆਮ ਦੇਖਣ ਵਿਚ ਆਉਂਦਾ ਹੈ ਕਿ ਧਰਮ, ਸਭਿਆਚਾਰ, ਭਾਸ਼ਾ, ਨਸਲ ਆਦਿ ਦੇ ਆਧਾਰ ਦੇ ਉੱਤੇ ਵੱਖ ਵੱਖ ਲੋਕਾਂ ਸਮੂਹਾਂ ਵਿਚਕਾਰ ਅਕਸਰ ਕਈ ਵਿਵਾਦਪੂਰਨ ਮਸਲੇ, ਝਗੜੇ ਅਤੇ ਕਈ ਵਾਰ ਹਿੰਸਾਤਮਕ ਅਤੇ ਤਣਾਅਪੂਰਨ ਸਥਿਤੀਆਂ ਕਾਇਮ ਹੋ ਜਾਂਦੀਆਂ ਹਨ। ਅਜਿਹੇ ਸਮੇਂ ਵਿੱਚ ਵਿਸ਼ਵ ਪੱਧਰ ਦੇ ਉੱਤੇ ਸ਼ਾਤੀਪੂਰਨ ਵਿਵਸਥਾ ਪੈਦਾ ਕਰਨ ਦੇ ਨਾਲ ਨਾਲ ਸਦਭਾਵਨਾ ਅਤੇ ਆਪਸੀ ਭਾਈਚਾਰੇ ਦੀ ਭਾਵਨਾ ਨੂੰ ਬਣਾਈ ਰੱਖਣ ਦੇ ਲਈ ਇਹ ਬੇਹੱਦ ਜ਼ਰੂਰੀ ਹੈ ਕਿ ਅਸੀਂ ਸ੍ਰੀ ਗੁਰੂ

ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੀਆਂ ਡੂੰਘੀਆਂ ਪਰਤਾਂ ਨੂੰ ਸਮਝਣ ਲਈ ਗੰਭੀਰ ਯਤਨ ਕਰੀਏ। ਸਮਾਜਿਕ ਏਕਤਾ, ਸਮਾਨਤਾ, ਸੁਰੱਖਿਆ, ਸਥਿਰਤਾ ਅਤੇ ਮਨੁੱਖ ਜਾਤੀ ਦੇ ਉੱਜਵਲ ਭਵਿੱਖ ਦੇ ਲਈ ਇਹ ਜ਼ਰੂਰੀ ਹੈ ਕਿ ਲੋਕਾਂ ਦੇ ਵਿੱਚ ਭਰਾਤਰੀ ਭਾਵ ਅਤੇ ਸ਼ਾਂਤਮਈ ਸਹਿਹੋਂਦ ਦੀ ਭਾਵਨਾ ਪੈਦਾ ਕਰਨ ਦੇ ਨਾਲ ਨਾਲ ਉਨ੍ਹਾਂ ਨੂੰ ਮਾਨਸਿਕ ਅਤੇ ਵਿਵਹਾਰਿਕ ਪੱਧਰ ਉੱਤੇ ਸੱਭਿਆਚਾਰਕ ਵਿਭਿੰਨਤਾਵਾਂ ਨੂੰ ਸਵੀਕਾਰ ਕਰਨ ਦੇ ਨਾਲ ਨਾਲ ਸੱਭਿਆਚਾਰਕ ਵੱਖਰੇਵਿਆਂ ਦਾ ਸਤਿਕਾਰ ਕਰਨਾ ਸਿਖਾਇਆ ਜਾਵੇ। ਇਸ ਦਿਸ਼ਾ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਲਾਹੀ ਸੰਦੇਸ਼ ਅਤੇ ਸਰਵ ਵਿਆਪੀ ਸਿੱਖਿਆਵਾਂ ਉਮੀਦ ਦੀ ਕਿਰਨ ਹਨ। ਜਦ ਤੱਕ ਸਮਾਜ ਦੇ ਵਿੱਚ ਲੋਕਾਂ ਦੇ ਵਿੱਚ ਆਪਸੀ ਪਿਆਰ, ਇੱਕ ਦੂਸਰੇ ਦੇ ਪ੍ਰਤੀ ਸਤਿਕਾਰ ਦੀ ਭਾਵਨਾ ਅਤੇ ਸਹਿਨਸ਼ੀਲਤਾ ਦਾ ਵਿਕਾਸ ਨਹੀਂ ਹੁੰਦਾ, ਤੱਦ ਤੱਕ ਅਸੀਂ ਵਿਸ਼ਵ ਸ਼ਾਂਤੀ ਅਤੇ ਆਉਣ ਵਾਲੀਆਂ ਨਸਲਾਂ ਦੇ ਲਈ ਉਜਵਲ ਭਵਿੱਖ ਦੇ ਸੁਪਨੇ ਨੂੰ ਸਾਕਾਰ ਨਹੀਂ ਕਰ ਸਕਾਂਗੇ। ਵਰਤਮਾਨ ਸਮੇਂ ਵਿੱਚ ਇਸ ਨੂੰ ਮਨੁੱਖ ਜਾਤੀ ਦੀ ਬਦਕਿਸਮਤੀ ਹੀ ਕਿਹਾ ਜਾ ਸਕਦਾ ਹੈ ਕਿ 550 ਸਾਲ ਗੁਜ਼ਰ ਜਾਣ ਤੋਂ ਬਾਅਦ ਵੀ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਸ਼ਵ ਵਿਆਪੀ ਸਰੋਕਾਰਾਂ ਅਤੇ ਇਲਾਹੀ ਸੰਦੇਸ਼ ਨੂੰ ਸਮਝਣ ਦੇ ਵਿੱਚ ਅਸਮਰੱਥ ਰਹੇ ਹਾਂ। ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਕਿਸੇ ਇੱਕ ਵਿਸ਼ੇਸ਼ ਖਿੱਤੇ ਵਿੱਚ ਰਹਿਣ ਵਾਲੇ ਜਾਂ ਕਿਸੇ ਵਿਸ਼ੇਸ਼ ਧਰਮ ਜਾਂ ਭਾਸ਼ਾਈ, ਜਾਤੀ ਸਮੂਹ ਤੱਕ ਸੀਮਤ ਨਹੀਂ ਹਨ ਸਗੋਂ ਉਨ੍ਹਾਂ ਦਾ ਇਲਾਹੀ ਸੰਦੇਸ਼ ਸਮੁੱਚੀ ਮਾਨਵ-ਜਾਤੀ ਦੇ ਲਈ ਹੈ। ਅਜੋਕੇ ਸਮੇਂ ਸਮੁੱਚੀ ਮਨੁੱਖ ਜਾਤੀ ਨੂੰ ਸੰਕੀਰਣ ਸੋਚ ਤੋਂ ਉਪਰ ਉਠ ਕੇ ਇਹ ਅਹਿਦ ਕਰਨਾ ਚਾਹੀਦਾ ਹੈ ਕਿ ਵਿਸ਼ਵ ਸ਼ਾਂਤੀ ਅਤੇ ਮਨੁੱਖੀ ਭਾਈਚਾਰੇ ਦੇ ਵਿਕਾਸ ਲਈ ਉਹ ਧਾਰਮਿਕ ਕੱਟੜਪੁਣੇ ਅਤੇ ਸਭਿਆਚਾਰਕ ਵਖਰੇਵਿਆਂ ਦੇ ਆਧਾਰ ਤੇ ਪਾਏ ਜਾਣ ਵਾਲੇ ਵੈਰ ਵਿਰੋਧ ਦੇ ਰਾਹ ਦਾ ਤਿਆਗ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਦਰਸਾਏ ਗਏ ਏਕਤਾ, ਆਪਸੀ ਮਿਲਵਰਤਨ ਅਤੇ ਪਿਆਰ ਦੇ ਮਾਰਗ ਨੂੰ ਅਪਨਾਉਣ।

**ਡਾ. ਅਰਵਿੰਦਰ ਸਿੰਘ**
**ਪ੍ਰਿੰਸੀਪਲ**
**ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ**
**9463062603**

# ਸਮੁੱਚੀ ਮਾਨਵਤਾ ਦੇ ਰਾਹ ਦਸੇਰੇ: ਗੁਰੂ ਨਾਨਕ ਦੇਵ ਜੀ

ਡਾ. ਹਰਗੁਣਜੋਤ ਕੌਰ

ਪੰਜਾਬ ਭਵਨ, ਸਰੀ (ਕੈਨੇਡਾ) ਵਿਖੇ ਆਯੋਜਿਤ ਹੋਏ ਪੰਜਾਬੀ ਸਾਹਿਤ ਤੇ ਸਭਿਆਚਾਰਕ ਸੰਮੇਲਨ ਵਿਚ ਲੇਖਿਕਾ ਵਲੋਂ ਪੇਸ਼ ਕੀਤਾ ਗਿਆ ਖੋਜ-ਪਰਚਾ।



ਗੁਰੂ ਨਾਨਕ ਨੇ ਧਰਮ ਨੂੰ ਆਤਮਾ ਤੇ ਪਰਮਾਤਮਾ ਵਿਚਲੇ ਅਧਿਆਤਮਿਕ ਸੰਵਾਦ, ਬ੍ਰਹਮ ਦੀ ਖੋਜ, ਦੁਨਿਆਵੀ ਸਵਾਦਾਂ, ਝਗੜਿਆਂ ਤੇ ਝਮੇਲਿਆਂ ਵਿੱਚ ਉਲਝੀ ਹੋਈ ਅਤ੍ਰਿਪਤ ਰੂਹ ਦੀ, ਰੂਹ ਦੇ ਹਕੀਕੀ ਮਾਲਿਕ ਨਾਲ ਮਿਲਣ ਦੀ ਤੜਪ, ਤ੍ਰਿਸ਼ਨਾ, ਈਰਖਾ, ਨਫ਼ਰਤ, ਵੈਰ, ਲਾਲਚ ਅਤੇ ਮੋਹ ਵਿੱਚ ਫਸੀ ਹੋਈ ਮਨੁੱਖ ਦੀ ਬਿਰਤੀ ਨੂੰ ਅਕਾਲ ਪੁਰਖ ਦੇ ਹੁਕਮ ਤੇ ਰਜ਼ਾ ਵਿਚ ਰਹਿਣ ਅਤੇ ਗੁਰੂ ਦੇ ਭਾਣੇ ਨੂੰ ਪ੍ਰਵਾਨ ਕਰਨ ਲਈ ਪ੍ਰੇਰਿਤ ਕਰਨ ਦੀ ਵਿਧੀ, ਵਾਹਿਗੁਰੂ ਨਾਲੋਂ ਟੁੱਟੀ ਹੋਈ ਸੁਰਤ ਨੂੰ ਸੋਧ ਦੇ ਕੇ ਵਾਹਿਗੁਰੂ ਨਾਲ ਫਿਰ ਤੋਂ ਜੁੜਨ ਦੇ ਸਾਧਨ; ਮਨ ਦੇ ਆਖੇ ਲੱਗ ਕੇ ਮਿਲਣ ਵਾਲੀ ਖੁਆਰੀ ਨੂੰ ਨਾਮ ਦੀ ਖੁਮਾਰੀ ਨਾਲ ਖਤਮ ਕਰਨ ਦੇ ਇਕ ਜਰੀਏ; ਸਦੀਵੀਂ ਸੱਚ ਦੀ ਪ੍ਰਾਪਤੀ ਦੇ ਮਾਰਗ; ਨੇਕੀ ਤੇ ਸੱਚਾਈ ਦੇ ਰਾਹ ਉਪਰ ਚਲ ਕੇ ਰੂਹਾਨੀ ਸੰਤੁਸ਼ਟੀ ਨੂੰ ਪ੍ਰਾਪਤ ਕਰਨ ਦੇ ਮੁਕੱਦਸ ਉਪਰਾਲੇ; ਕਾਇਨਾਤ ਦੇ ਜ਼ਰੇ-ਜ਼ਰੇ ਵਿਚੋਂ ਕਾਦਰ ਦੇ ਦਰਸ਼ਨ ਕਰਨ ਦੀ ਰੂਹਾਨੀ ਜੁਸਤਜੂ ਅਤੇ ਸਮੁੱਚੀ ਖ਼ਲਕਤ ਲਈ ਆਪਣੇ ਧੁਰ ਅੰਦਰ ਇਕ ਦਰਦ ਅਤੇ ਅਸੀਮ ਪਿਆਰ ਦੀ ਭਾਵਨਾ ਰੱਖਣ ਦੀ ਜੀਵਨ-ਜਾਚ ਦੇ ਰੂਪ ਵਿੱਚ ਪੇਸ਼ ਕੀਤਾ ਹੈ।

ਗੁਰੂ ਨਾਨਕ ਨੇ ਧਾਰਮਿਕ ਕਰਮ-ਕਾਂਡਾਂ ਵਿਚ ਉਲਝੀ ਹੋਈ ਮਨੁੱਖ ਜਾਤੀ ਲਈ ਧਰਮ ਦੇ ਸੱਚੇ ਅਰਥਾਂ ਉਪਰ ਪਈ ਹੋਈ ਸਮੇਂ ਦੀ ਗਰਦ ਨੂੰ ਹਟਾਇਆ। ਉਹਨਾਂ ਨੇ ਫਿਰਕੂ ਤੇ ਸੰਕੀਰਣ ਮਾਨਸਿਕਤਾ ਦਾ ਸ਼ਿਕਾਰ ਹੋਏ ਮਜ਼ਹਬ ਨੂੰ ਸਭ ਤੋਂ ਪਹਿਲਾਂ ਅਖੌਤੀ ਮਜ਼ਹਬੀ ਰਹਿਨੁਮਾਵਾਂ ਦੀ ਗ੍ਰਿਫ਼ਤ ਵਿਚੋਂ ਆਜ਼ਾਦ ਕਰਾਉਣ ਦਾ ਯਤਨ ਕੀਤਾ। ਗੁਰੂ ਨਾਨਕ ਨੇ ਧਰਮ ਦੇ ਅਰਥਾਂ ਨੂੰ ਵਿਸ਼ਾਲਤਾ ਪ੍ਰਦਾਨ ਕਰਨ ਦੇ ਨਾਲ-ਨਾਲ ਧਰਮ ਨੂੰ ਮਨੁੱਖ ਦੀਆਂ ਰੂਹਾਨੀ ਲੋੜਾਂ ਦੀ ਪੂਰਤੀ ਦੇ ਨਾਲ ਸਮਾਜਿਕ ਸਰੋਕਾਰਾਂ ਨਾਲ ਜੋੜਿਆ। ਗੁਰੂ ਨਾਨਕ ਨੇ ਲੋਕਾਂ ਨੂੰ ਸਪਸ਼ਟ ਕੀਤਾ ਕਿ ਵਾਸਤਵ ਵਿਚ ਧਰਮ ਕੋਈ ਜਟਿਲ ਸਰੀਰਕ ਕਿਰਿਆਵਾਂ ਦੇ ਰਾਹੀਂ ਜਾਂ ਘਰ ਦਾ ਤਿਆਗ ਕਰਕੇ ਜੰਗਲਾਂ ਵਿੱਚ ਸਚ ਦੀ ਪ੍ਰਾਪਤੀ ਲਈ

ਭਟਕਣ ਦਾ ਨਾਮ ਨਹੀਂ ਹੈ ਅਤੇ ਨਾ ਹੀ ਧਰਮ ਖੁਦ ਨੂੰ ਧਾਰਮਿਕ ਹੋਣ ਦਾ ਭੇਖ ਪਾਲਣ ਦਾ ਕੋਈ ਮਾਧਿਅਮ ਹੈ। ਗੁਰੂ ਨਾਨਕ ਨੇ ਇਹ ਵੀ ਸਪੱਸ਼ਟ ਕੀਤਾ ਕਿ ਬ੍ਰਹਮ ਨੂੰ ਸ਼ਬਦ ਗੁਰੂ ਵਿੱਚੋਂ ਖੋਜਿਆ ਜਾ ਸਕਦਾ ਹੈ। ਉਹਨਾਂ ਨੇ ਸ਼ਬਦ ਗੁਰੂ ਦੇ ਲੜ ਲੱਗਣ , ਸਦਾਚਾਰ ਦੇ ਰਾਹ ਉਪਰ ਤੁਰਨ ਅਤੇ ਈਰਖਾ, ਨਫ਼ਰਤ, ਸ਼ੰਕਿਆਂ ਅਤੇ ਆਪਸੀ ਵੈਰ ਦਾ ਤਿਆਗ ਕਰਦੇ ਹੋਏ ਦਿਲ ਵਿਚ ਇਕੋ ਇਕ ਪਰਮਾਤਮਾ ਦਾ ਭੈਅ ਵਸਾਉਂਦੇ ਹੋਏ ਆਪਣੇ ਅੰਦਰ ਰਹਿਮ, ਪਿਆਰ, ਸਦਭਾਵਨਾ, ਨਿਮਰਤਾ, ਸੰਤੋਖ ਅਤੇ ਸ਼ਾਂਤ ਚਿੱਤ ਰਹਿਣ ਦੀ ਭਾਵਨਾ ਪੈਦਾ ਕਰਨ ਦੀ ਲੋੜ ਉਪਰ ਵਿਸ਼ੇਸ਼ ਬਲ ਦਿੱਤਾ।

ਗੁਰੂ ਨਾਨਕ ਨੇ ਮਨੁੱਖ ਜਾਤੀ ਨੂੰ ਇਹ ਸਮਝਾਉਣ ਦਾ ਯਤਨ ਕੀਤਾ ਕਿ ਧਰਮ ਕੋਈ ਅਜਿਹਾ ਬਣਾਉਟੀ ਗਹਿਣਾ ਨਹੀਂ ਹੈ ਕਿ ਜਿਸ ਨੂੰ ਪਹਿਣ ਕੇ ਪਲਕ ਝਪਕਦਿਆਂ ਮਨੁੱਖ ਪਾਕ-ਪਵਿੱਤਰ ਹੋ ਸਕਦਾ ਜਾਂ ਫਿਰ ਇਨਸਾਨ ਛਿਨ ਭਰ ਵਿੱਚ ਸਾਰੇ ਗੁਨਾਹਾਂ ਤੋਂ ਮੁਕਤ ਹੋ ਸਕਦਾ ਹੈ। ਗੁਰੂ ਨਾਨਕ ਦੇ ਅਨੁਸਾਰ ਧਰਮ ਦੇ ਮਾਰਗ ਉਪਰ ਚਲਣਾ ਤਾਂ ਖੰਡੇ ਦੀ ਧਾਰ ਉਪਰ ਚਲਣ ਸਮਾਨ ਹੈ ਅਤੇ ਇਸ ਮਾਰਗ ਉਪਰ ਚਲਦੇ ਹੋਏ ਸਭ ਤੋਂ ਪਹਿਲਾਂ ਮਨੁੱਖ ਨੂੰ ਆਪਣੀ 'ਮੈਂ' ਅਤੇ ਆਪਣੀ ਹਸਤੀ ਨੂੰ ਮਿਟਾਉਦੇ ਹੋਏ ਖਾਲਕ ਦੀ ਰਜ਼ਾ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਪੈਂਦਾ ਹੈ। ਗੁਰੂ ਨਾਨਕ ਦੀ ਸਿੱਖੀ ਦਾ ਰਾਹ ਮਨੁੱਖ ਦੇ ਹੌਸਲਿਆਂ ਨੂੰ ਪਰਖਣ ਦੇ ਨਾਲ ਨਾਲ ਉਸ ਦੀ ਨਿਰੰਕਾਰ ਨੂੰ ਪਾਉਣ ਦੀ ਸ਼ਿੱਦਤ ਅਤੇ ਮਨੁੱਖ ਦੇ ਅਮਲਾਂ ਨੂੰ ਵੀ ਪਰਖਦਾ ਹੈ। ਸਿੱਖੀ ਦਾ ਮਾਰਗ ਮਨੁੱਖ ਕੋਲੋਂ ਸੱਚ ਦੇ ਪ੍ਰਤੀ ਸੰਪੂਰਨ ਸਮਰਪਣ ਦੀ ਮੰਗ ਕਰਦੇ ਹੋਏ ਮਨੁੱਖ ਕੋਲੋਂ ਸੱਚ ਦੇ ਲਈ ਖੁਦ ਨੂੰ ਫ਼ਨਾ ਕਰਨ ਦੀ ਹੱਦ ਤੱਕ ਜਾਣ ਦੀ ਉਮੀਦ ਵੀ ਰੱਖਦਾ ਹੈ। ਸੱਚੇ ਅਰਥਾਂ ਵਿੱਚ ਗੁਰੂ ਨਾਨਕ ਦਾ ਸਿੱਖ ਬਾਬੇ ਨਾਨਕ ਦੀ ਬਾਣੀ ਦੀ ਰੋਸ਼ਨੀ ਵਿੱਚ ਆਪਣੇ ਅੰਦਰ ਗਿਆਨ ਦਾ ਦੀਪਕ ਜਲਾਉਂਦਾ ਹੋਇਆ ਆਪਣੇ ਅੰਦਰ ਅਤੇ ਬਾਹਰ ਫੈਲੇ ਹੋਏ ਅਗਿਆਨਤਾ ਤੇ ਅੰਧਵਿਸ਼ਵਾਸ ਦੇ ਅੰਧਕਾਰ ਨੂੰ ਮਿਟਾਉਣ ਦਾ ਉਪਰਾਲਾ ਕਰਦਾ ਹੈ।

ਗੁਰੂ ਨਾਨਕ ਦੀ ਸਿੱਖੀ ਦਾ ਮਾਰਗ ਮਨੁੱਖ ਨੂੰ ਮਨੁੱਖਤਾ ਦੀ ਖਿਦਮਤ ਕਰਨ, ਪ੍ਰਭੂ ਦਾ ਸਿਮਰਨ ਕਰਨ, ਸਹਿਜ ਅਵਸਥਾ ਵਿਚ ਵਿਚਰਨ ਅਤੇ ਹਰ ਘੜੀ ਰੱਬ ਦਾ ਸ਼ੁਕਰਾਨਾ ਅਦਾ ਕਰਦੇ ਰਹਿਣ ਨੂੰ ਆਪਣੀ ਜੀਵਨ ਸ਼ੈਲੀ ਦਾ ਅਨਿੱਖੜਵਾਂ ਅੰਗ ਬਣਾਉਣ ਦਾ ਇਲਾਹੀ ਸੰਦੇਸ਼ ਦਿੰਦਾ ਹੈ। ਸਿੱਖੀ ਦੇ ਬੂਟੇ ਦੀ ਜੜ ਨੂੰ ਹਰਿਆ ਰੱਖਣ ਅਤੇ ਸਿੱਖੀ ਦੇ ਬੂਟੇ ਨੂੰ ਇਕ ਵਿਸ਼ਾਲ ਛਾਂਦਾਰ ਅਤੇ ਫਲਦਾਰ ਦਰੱਖਤ ਬਣਾਉਣ ਦੇ ਲਈ ਬੇਹੱਦ ਜ਼ਰੂਰੀ ਹੈ ਕਿ ਇਸ ਦੀ ਛਾਂ ਮਾਨਣ ਦੀ ਇੱਛਾ ਰੱਖਣ ਵਾਲੀਆਂ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਇਖ਼ਲਾਕੀ ਕਦਰਾਂ ਕੀਮਤਾਂ ਦਾ ਅਨੁਸਰਣ ਕਰਨ; ਆਪਣੀ ਸ਼ਖਸੀਅਤ ਨੂੰ ਗੁਰਮਤਿ ਅਨੁਸਾਰ ਢਾਲਣ, ਬਾਣੀ ਦੇ ਸੰਦੇਸ਼ ਦੀ ਪਾਲਣਾ ਅਤੇ ਬਾਣੇ ਦਾ ਸਤਿਕਾਰ ਕਰਦੇ

ਹੋਏ ਸਮਾਜਿਕ-ਰਾਜਨੀਤਕ ਪੱਧਰ ਤੇ ਸੁਚੇਤ ਰੂਪ ਵਿੱਚ ਆਪਣੀ ਭੂਮਿਕਾ ਨਿਭਾਉਣ; ਗੁਰੂ ਪੰਥ ਦੇ ਹਿੱਤਾਂ ਦੀ ਰਾਖੀ ਕਰਦੇ ਹੋਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਸ਼ਵਵਿਆਪੀ ਸੰਦੇਸ਼ ਦੀ ਪਾਲਣਾ ਕਰਨ ਅਤੇ ਗੁਰੂ ਨਾਨਕ ਦੀਆਂ ਸਿੱਖਿਆਵਾਂ ਅਤੇ ਫ਼ਿਲਾਸਫ਼ੀ ਨੂੰ ਵਿਸ਼ਵ ਦੇ ਹਰ ਹਿੱਸੇ ਵਿੱਚ ਪਹੁੰਚਾਉਣ ਵਿੱਚ ਆਪਣੀ ਕਿਰਿਆਸ਼ੀਲ, ਉਸਾਰੂ ਅਤੇ ਸਾਕਾਰਾਤਮਿਕ ਭੂਮਿਕਾ ਨਿਭਾਉਣ ਲਈ ਤਤਪਰ ਰਹਿਣ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਵਰ੍ਹੇ ਦੇ ਮੌਕੇ 'ਤੇ ਗੁਰੂ ਨਾਨਕ ਦੇ ਸਿੱਖ ਨੂੰ ਆਉਣ ਵਾਲੀਆਂ ਨਸਲਾਂ ਲਈ ਇਕ ਅਜਿਹੇ ਸਮਾਜਿਕ ਅਤੇ ਆਰਥਿਕ ਢਾਂਚੇ ਦੀ ਸਿਰਜਣਾ, ਜਿਸ ਦਾ ਸੰਕਲਪ ਗੁਰੂ ਨਾਨਕ ਨੇ ਪੇਸ਼ ਕੀਤਾ ਹੈ, ਨੂੰ ਅਮਲੀ ਰੂਪ ਦੇਣ ਵਿੱਚ ਸੰਜੀਦਗੀ ਅਤੇ ਪ੍ਰਤੀਬੱਧਤਾ ਨਾਲ ਆਪਣੀ ਭੂਮਿਕਾ ਨਿਭਾਉਣ ਦਾ ਅਹਿਦ ਕਰਨਾ ਚਾਹੀਦਾ ਹੈ।

ਅਜੋਕੇ ਸਮੇਂ ਵਿੱਚ ਗੁਰੂ ਨਾਨਕ ਦੇ ਸਿੱਖ ਨੂੰ ਸਭ ਤੋਂ ਪਹਿਲਾਂ ਗੁਰੂ ਨਾਨਕ ਦੀ ਸਿੱਖੀ ਦੀਆਂ ਡੂੰਘੀਆਂ ਪਰਤਾਂ ਨੂੰ ਅੰਨੀ ਸਰਧਾ ਅਤੇ ਨਿੱਤ ਨਵੇਂ ਸ਼ੰਕਿਆਂ ਨੂੰ ਜਨਮ ਦੇਣ ਵਾਲੀ ਬੇਲਗਾਮ ਬੌਧਿਕਤਾ ਦੇ ਪਿੱਛੇ ਛੁਪੀ ਹੋਈ ਤੰਗ-ਦਿਲ ਸੋਚ, ਮਾਨਸਿਕ ਕੰਗਾਲੀ ਅਤੇ ਬੌਧਿਕ ਕੋਹੜ ਦੇ ਖਤਰਨਾਕ ਗੱਠਜੋੜ ਨੂੰ ਬਰੀਕੀ ਨਾਲ ਸਮਝਦੇ ਹੋਏ ਗੁਰੂ ਨਾਨਕ ਦੀ ਬਾਣੀ, ਸਿੱਖਿਆਵਾਂ ਅਤੇ ਰੂਹਾਨੀ ਸੰਦੇਸ਼ ਦੀਆਂ ਡੂੰਘੀਆਂ ਤੇ ਬੇਹੱਦ ਸੂਖਮ ਪਰਤਾਂ ਨੂੰ ਸੁਚੇਤ ਪੱਧਰ ਉਪਰ ਫਰੋਲਣ ਅਤੇ ਸਮਝਣ ਦੀ ਲੋੜ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਵਰੇ ਦੇ ਮੌਕੇ ਤੇ ਸਮੂਹ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਨੂੰ ਗੁਰੂ ਨਾਨਕ ਦੇ ਦਰ ਦੀਆਂ ਬਰੂਹਾਂ ਉਪਰ ਸੰਗਤੀ ਰੂਪ ਵਿੱਚ ਇਹ ਜੋਦੜੀ ਕਰਨੀ ਚਾਹੀਦੀ ਹੈ ਕਿ ਵਾਹਿਗੁਰੂ ਸਾਨੂੰ ਇਹ ਤੌਫੀਕ ਦੇਵੇ ਕਿ ਆਪਣੇ ਕਿਰਦਾਰ ਅਤੇ ਇਖਲਾਕ ਰਾਹੀਂ ਅਮਲੀ ਜੀਵਨ ਵਿੱਚ ਵਿਚਰਦੇ ਹੋਏ ਸਾਡੀਆਂ ਪੈੜਾਂ ਸਾਰੇ ਜ਼ਮਾਨੇ ਨੂੰ ਇਸ ਗੱਲ ਦੀ ਗਵਾਹੀ ਦੇਣ ਕਿ ਅਸੀਂ ਗੁਰੂ ਨਾਨਕ ਦੇ ਹਾਂ। ਅਸੀਂ ਗੁਰੂ ਨਾਨਕ ਦੇ ਪਾਏ ਹੋਏ ਪੂਰਨਿਆਂ ਉੱਪਰ ਚਲ ਰਹੇ ਹਾਂ। ਅਸੀਂ ਗੁਰੂ ਨਾਨਕ ਦੇ ਨਾਲ ਵਫ਼ਾ ਕਮਾ ਰਹੇ ਹਾਂ ਅਤੇ ਇਸ ਜਹਾਨ ਅੰਦਰ ਅਤੇ ਬਾਬੇ ਨਾਨਕ ਦੇ ਦਰ ਉਪਰ ਅਸੀਂ ਸੁਰਖ਼ਰੂ ਹੋਣ ਵਿੱਚ ਇਕ ਦਿਨ ਕਾਮਯਾਬ ਹੋ ਪਾਵਾਂਗੇ। ਇਹ ਸੱਚ ਹੈ ਕਿ ਗੁਰੂ ਬਖ਼ਸ਼ਣਹਾਰ ਵੀ ਹੈ ਅਤੇ ਉਹ ਤਾਰਨਹਾਰ ਵੀ ਹੈ, ਬਸ ਲੋੜ ਇਸ ਗੱਲ ਦੀ ਹੈ ਕਿ ਅਸੀਂ ਗੁਰੂ ਉਪਰ ਅਡੋਲ ਵਿਸ਼ਵਾਸ ਰੱਖਦੇ ਹੋਏ ਉਸ ਦੀ ਰਜ਼ਾ ਵਿਚ ਰਹਿਣ ਦਾ ਸਲੀਕਾ ਸਿਖ ਕੇ ਗੁਰੂ ਦੀਆਂ ਰਹਿਮਤਾਂ ਦੇ ਪਾਤਰ ਵੀ ਬਣੀਏ ਅਤੇ ਗੁਰੂ ਨਾਨਕ ਦੇ ਸੱਚੇ ਸਿੱਖ ਬਣੀਏ।

**ਡਾ. ਹਰਗੁਣਜੋਤ ਕੌਰ**
**ਪ੍ਰੋਫੈਸਰ**
**ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ**
**9915042222**

# ਸ੍ਰੀ ਗੁਰੂ ਨਾਨਕ ਅਨੁਸਾਰ ਅਧਿਆਤਮਿਕ ਰਾਹਦਾਰੀ

ਨਕਸ਼ਦੀਪ ਪੰਜਕੋਹਾ

ਕੁਝ ਸ਼ਬਦਾਂ ਨੂੰ ਸਮਝ ਲੈਣਾ ਜ਼ਰੂਰੀ ਹੈ, ਸ੍ਰੀ ਗੁਰੂ ਨਾਨਕ ਜੀ ਦੇ ਪ੍ਰਮੁੱਖ ਖ਼ਿਆਲਾਤ ਨੂੰ ਜਾਨਣ ਖਾਤਰ। ਉਹ ਸ਼ਬਦ ਹਨ: ਸ਼ਬਦੁ, ਸਹਿਜ, ਆਪੁ, ਸੋਹੰ ਅਤੇ ਗੁਰੂ। ਵੇਖਣ ਨੂੰ ਇਹ ਸਾਰੇ ਸ਼ਬਦ ਸੌਖੇ ਲਗਦੇ ਹਨ, ਪਰ ਇਨ੍ਹਾਂ ਸ਼ਬਦਾਂ ਦੀ ਸਮਝ ਨਾਲ ਸ੍ਰੀ ਗੁਰੂ ਨਾਨਕ ਜੀ ਦੇ ਮੁਖ ਸਿਧਾਂਤਾਂ ਦਾ ਅਹਿਸਾਸ ਹੋ ਜਾਂਦਾ ਹੈ, ਭਾਵੇਂ ਜਿਨ੍ਹਾ ਨੂੰ ਅਮਲ ਵਿੱਚ ਲਿਆਉਣਾ ਸਾਡੇ ਲਈ ਸੌਖਾ ਨਹੀਂ ਹੁੰਦਾ । ਆਓ ਇਨ੍ਹਾਂ ਸ਼ਬਦਾਂ ਨੂੰ ਆਪਾਂ ਉਸ ਪ੍ਰਸੰਗ ਵਿੱਚ ਵੇਖੀਏ, ਜਿਸ ਵਿੱਚ ਇਨ੍ਹਾਂ ਨੂੰ ਗੁਰੂ ਜੀ ਨੇ ਵਰਤ ਕੇ ਆਪਣੇ ਤਜਰਬੇ ਨੂੰ ਸਾਡੇ ਲਈ ਉਲੀਕਿਆ ਹੈ।

ਇਸ ਤੋਂ ਪਹਿਲਾਂ ਕਿ ਇਨ੍ਹਾਂ ਖ਼ਾਸ ਸ਼ਬਦਾਂ ਦੇ ਖ਼ਾਸ ਪ੍ਰਸੰਗ ਵਾਲੇ ਅਰਥਾਂ ਦਾ ਜ਼ਿਕਰ ਆਪਾਂ ਕਰੀਏ, ਇਹ ਮਨ ਵਿੱਚ ਜ਼ਰੂਰ ਚੇਤੇ ਰੱਖਣਾ ਕਿ ਬਹੁਤ ਵਾਰ ਸ਼ਬਦ ਵੱਖੋ-ਵੱਖਰੇ ਪ੍ਰਸੰਗ ਵਿਚ ਆਪਣੇ ਅਰਥ ਬਦਲ ਲਿਆ ਕਰਦੇ ਹਨ। ਸ਼ਬਦਾਂ ਦਾ ਇਹ ਸੁਭਾਅ ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਵੀ ਪਾਇਆ ਜਾਂਦਾ ਹੈ, ਮਿਸਾਲ ਲਈ, ਸ਼ਬਦ ਦਾ ਅਰਥ ਸਿਖਿਆ ਜਾਂ ਹੁਕਮ, ਜਾਂ ਅਕਾਲ ਪੁਰਖ ਜਾਂ ਫੇਰ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਰਚਨਾ ਹੁੰਦਾ ਹੈ।

ਸ਼ਬਦੁ : ਇਸਦੇ ਅਰਥ ਉੱਤੇ ਜ਼ੋਰ ਦੇਣ ਖਾਤਰ ਸ੍ਰੀ ਗੁਰੂ ਨਾਨਕ ਜੀ ਨੇ ਇਸ ਨਾਲ ਏਕੁ ਸ਼ਬਦ ਲਿਖਿਆ ਹੈ। ਉਹ ਕਿਹੜਾ ਸ਼ਬਦ ਹੈ, ਉਸਦਾ ਅਰਥ, ਜਿਨ੍ਹਾਂ ਗੁਰਬਾਣੀ ਵਾਕਾਂ ਦੀ ਮਿਸਾਲ ਆਪਾਂ ਹੁਣ ਵੇਖਣ ਜਾ ਰਹੇ ਹਾਂ, ਵਿੱਚ ਸਿੱਧਾ ਨਹੀਂ ਦਿੱਤਾ ਗਿਆ ਪਰ ਉਸਦੇ ਅਰਥ ਪ੍ਰਸੰਗਿਕ ਬਹੁਤ ਸਾਫ ਹਨ; ਡਾਕਟਰ ਸਾਹਿਬ ਸਿੰਘ ਇਨ੍ਹਾਂ ਵਾਕਾਂ ਵਿੱਚ ਆਏ ਸ਼ਬਦੁ ਦਾ ਅਰਥ ਕਰਤਾਰ ਦੀ ਸਿਫਤ ਅਤੇ ਗੁਰੂ ਦੀ ਸਿਖਿਆ ਕਰਦੇ ਹਨ ਅਤੇ ਮੋਹਨ ਸਿੰਘ ਜੀ 'ਨਾਮ ਹੀ ਕਰਦੇ ਹਨ ਪਰ ਗੱਲ ਹੋਰ ਹੈ: ਇਹ ਵਾਕ ਹਨ:

ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥੧॥ (੭੯੫)।

ਅਤੇ ਦੂਸਰਾ ਹੈ:

ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ॥( ੪੬੫ )

ਸ਼ਬਦ ਇਥੇ ਦਰਅਸਲ ਕਰਤਾਰ ਦਾ ਲਿਖਾਇਕ ਹੈ ਅਤੇ ਕਰਤਾਰ ਨਾਲ ਹੋਈ ਅਭੇਦਤਾ ਵੱਲ ਇਸ਼ਾਰਾ ਹੈ।

ਸਤਿਗੁਰੂ ਨੇ ਪ੍ਰਭ ਦੀ ਸਿਫਤ ਸਲਾਹ ਹੀ ਨਹੀਂ ਦੱਸੀ ਸਗੋਂ ਹੋਰ ਕੁਝ ਵੀ ਦੱਸਿਆ ਹੈ, ਜੋ ਸਿਫਤ ਸਲਾਹ ਦੇ ਅਮਲੀ ਪਾਠ ਉੱਤੇ ਰੋਸ਼ਨੀ ਪਾਉਂਦਾ ਹੈ । ਇਸ ਲਈ ਸ਼ਬਦੁ ਉਸਦਾ ਨਾਮ ਹੈ, ਹੁਕਮ ਹੈ, ਉਸਦੀ ਧੁਨੀ ਹੈ ਤੇ ਸਭ ਤੋਂ ਵੱਡੇ ਸੰਕਲਪ ਵਿੱਚ ਇਹ ਕਰਤਾਰ ਦੀ ਇੱਕਮਿਕਤਾ ਨੂੰ ਦੱਸਣ ਵਾਲਾ ਅੱਖਰਾਂ ਦਾ ਇੱਕ ਸਮੂਹ ਹੈ।

ਇਸ ਸ਼ਬਦੁ, ਜੋ ਕਰਤਾਰ ਅਤੇ ਜੀਵ ਦੀ ਅਭੇਦਤਾ ਨੂੰ ਦਰਸਾਉਂਦਾ ਹੈ, ਬਾਰੇ ਗੁਰੂ ਦਾ ਆਪਣੇ ਸ਼ਾਗਿਰਦ ਨੂੰ ਗਿਆਨਵਾਨ ਕਰਵਾਉਣਾ ਜ਼ਰੂਰੀ ਹੈ, ਤਦੇ ਤਾਂ ਗੁਰੂ ਚਾਹੀਦਾ ਹੈ :

ਗੁਰਮੁਖਿ ਭਗਤਿ ਸਹਜ ਘਰੁ ਪਾਈਐ॥
ਬਿਨੁ ਗੁਰ ਭੇਟੇ ਮਰਿ ਆਈਐ ਜਾਈਐ॥੧॥ ਰਹਾਉ॥ (੬੮੬)

ਸਹਿਜ ਬਿਨਾਂ ਕਰਤਾਰ ਦੀ ਭਗਤੀ ਮੁਸ਼ਕਿਲ ਹੈ ਅਤੇ ਸਹਿਜ ਦੀ ਸਿਖਿਆ ਗੁਰੂ ਤੋਂ ਮਿਲਦੀ ਹੈ, ਨਹੀਂ ਤਾਂ ਬਸ ਚੱਕਰ ਜਾਰੀ ਹੀ ਰਹਿੰਦਾ ਹੈ ।

ਸਵਾਲ ਪੈਦਾ ਹੁੰਦਾ ਕਿ ਗੁਰੂ ਕਿਹੋ ਜਿਹਾ ਹੋਣਾ ਚਾਹੀਦਾ ਹੈ ਇਸ ਬਾਰੇ ਗੁਰੂ ਜੀ ਦੱਸਦੇ ਹਨ 'ਸੋ ਗੁਰੁ ਕਰ ਉਜਿ ਸਾਚੁ ਦ੍ਰਿੜਾਵੈ॥ਅਕਥੁ ਕਥਾਵੈ ਸਬਦਿ ਮਿਲਾਵੈ॥' (੬੮੬) ਮਤਲਬ ਆਪਣੀ ਸਿਖਿਆ ਨਾਲ ਤੇ ਆਪਣੇ ਤਜ਼ਰਬੇ ਨਾਲ ਗੁਰੂ ਚੇਲੇ ਨੂੰ ਅਕਥ ਪ੍ਰਭ ਨੂੰ ਬਿਆਨਣਾ ਸਿਖਾਵੇ, ਪਰ ਚੇਤੇ ਰੱਖਣਾ ਕਿ ਇਹ ਜਾਨਣ ਲਈ ਚੇਲਾ ਗੁਰੂ ਤੋਂ ਹੀ ਸਹਿਜ ਵਿੱਚ ਜਾਣ ਦੀ ਤਾਲੀਮ ਲਵੇ ਕਿਉਂਕਿ ਉਨ੍ਹਾਂ ਮੁਤਾਬਿਕ 'ਸਹਜਿ ਮਿਲੈ ਮਿਲਿਆ ਪਰਵਾਣੁ'॥(੬੮੬) ਇਹ 'ਸਹਜਿ' ਸ਼ਬਦ ਦੀ ਜ਼ਰੂਰਤ ਬਾਰੇ ਸ੍ਰੀ ਗੁਰੂ ਨਾਨਕ ਜੀ ਇਸੇ ਸ਼ਬਦ (੬੮੬) ਦੇ ਸ਼ੁਰੂ ਵਿੱਚ ਹੀ ਲਿਖਦੇ ਹਨ ਕਿਉਂਕਿ ਇਹ ਮਾਨਸਿਕ ਸਥਿਤੀ ਪ੍ਰਭ ਦੇ ਚਹੇਤੇ ਲਈ ਬਹੁਤ ਹੀ ਮਹੱਤਵਪੂਰਨ ਹੈ ।

ਸਾਨੂੰ ਹੁਣ ਤੀਕ ਸ਼ਬਦ ਗੁਰੂ ਦਾ ਪਤਾ ਲੱਗ ਗਿਆ ਹੈ, ਜੋ ਅਲਖ ਨੂੰ ਜਗਾਉਂਦਾ ਹੈ ਸਹਿਜ ਦੀ ਲੋੜ ਅਤੇ ਪਹਿਚਾਣ ਲਈ ਸਾਡਾ ਆਗੂ ਬਣਦਾ ਹੈ। ਬਾਕੀ ਰਹਿ ਗਏ ਸ਼ਬਦ-ਆਪੁ ਅਤੇ ਸੋਹੰ।

ਸ੍ਰੀ ਗੁਰੂ ਨਾਨਕ ਜੀ ਨੇ ਦੱਸਿਆ ਏ ਕਿ ਮਨੁੱਖ ਇੱਕ ਮਾਇਆ ਦੇ ਚੱਕਰ ਵਿੱਚ ਹੀ ਰਹਿੰਦਾ ਹੈ ਤੇ ਓਦੋਂ ਹੀ ਨਿਕਲਦਾ ਹੈ ਜਦੋਂ ਉਸਨੂੰ ਕੋਈ ਤਜਰਬੇਕਾਰ ਗੁਰੂ ਅਕਥੁ ਪ੍ਰਭੂ ਨੂੰ ਜਾਨਣ ਲਈ ਸਹਿਜ ਵਿੱਚ ਜਾਣਾ ਸਿਖਾਉਂਦਾ ਹੈ ਅਤੇ ਇੱਕ ਸ਼ਬਦੁ 'ਸੋਹੰ' ਤੋਂ ਜਾਣੂ ਕਰਵਾਉਂਦਾ ਹੈ ਜਿਸਦਾ ਸੰਬੰਧ ਅਕਾਲ ਪੁਰਖ ਦੀ ਹੋਂਦ ਅਤੇ ਉਸ ਨਾਲ ਜਾਚਕ ਦੀ ਹੋਈ ਇੱਕਮਿਕਤਾ ਨਾਲ ਹੈ। ਇਸੇ ਪ੍ਰਸੰਗ ਵਿੱਚ ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਸ਼ਬਦ 'ਸੋਹੰ' ਨਾਲ ਸ਼ਬਦ ਆਪੋ ਦਾ ਵੀ ਬਹੁਤ ਨੇੜੇ ਦਾ ਸੰਬੰਧ ਹੈ ।

ਹਉਮੈਂ ਆਪ ਨੂੰ ਦੁਨੀਆਦਾਰੀ ਵਿੱਚ ਅੱਗੇ ਲਿਆਉਂਦਾ ਹੈ; ਇਸ ਤੋਂ ਬਿਨਾਂ ਆਪੋ ਕੀ ਹੈ, ਦਾ ਅਰਥ ਸ਼ਬਦੁ 'ਸੋਹੰ' ਵੀ ਦਸਦਾ ਹੈ, ਜਿਸ ਦਾ ਮਤਲਬ ਹੁੰਦਾ ਹੈ ਕਿ ਮੈਂ ਹੀ ਉਹ (ਕਰਤਾਰ) ਹਾਂ; ਇਸ ਵਾਕ ਉੱਤੇ ਜਰਾ ਗੌਰ ਦਈਏ: ਸ਼ਬਦ ਮੈਂ ਤਾਂ ਦੱਸ ਰਿਹਾ ਹੈ ਸਿਰਫ ਆਪ ਨੂੰ , ਪਰ 'ਉਹ ਹਾਂ' ਭਾਵ 'ਕਰਤਾਰ ਹਾਂ' ਸ਼ਬਦ ਸੋਹੰ ਪੂਰਦਾ ਹੈ; ਇੰਝ ਇਸਦਾ ਅਰਥ ਹੋਇਆ ਕਿ ਮੈਂ ਦਰਅਸਲ ਉਸ ਕਰਤਾਰ ਦਾ ਹੀ ਹਿੱਸਾ ਹਾਂ; ਕੋਈ ਫਰਕ ਨਹੀਂ ਹੈ । ਸ੍ਰੀ ਗੁਰੂ ਨਾਨਕ ਜੀ ਨੇ ਇਹ ਪਹਿਲਾਂ ਦੱਸ ਦਿੱਤਾ ਹੈ ਕਿ ਜੋ ਕੁਝ ਅਸੀਂ ਵੇਖਦੇ ਹਾਂ, ਉਹ ਕਰਤਾਰ ਦਾ ਹੀ ਅਸਲ ਹੈ, ਵੇਖੋ 'ਜੇਤਾ ਕੀਤਾ ਤੇਤਾ ਨਾਉ॥' (੯) ਇਹ ਸਰੀਰ ਵੀ ਕਰਤਾਰ ਦਾ ਹਿੱਸਾ ਹੀ ਹੈ। ਵੇਖੋ: ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ॥ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ॥੨॥(੨੩) ਇੱਕ ਸਰੀਰ ਨੂੰ ਕਰਤਾਰ ਤੋਂ ਵੱਖਰੀ ਹੋਂਦ ਦੇ ਦਾਅਵੇ ਕਰਵਾਉਣ ਵਾਲੀ ਸਾਡੇ ਅੰਦਰਲੀ ਹਉਮੈਂ ਹੀ ਹੈ ਅਤੇ ਸਹਿਜ ਵਿੱਚ ਜਾਣ ਲਈ ਇਸ ਹਉਮੈਂ ਦਾ ਅੰਤ ਜ਼ਰੂਰੀ ਹੈ। ਸਹਿਜ ਬਿਨਾਂ ਸੋਹੰ ਦਾ ਅਹਿਸਾਸ ਨਹੀਂ ਹੁੰਦਾ । ਹਉਮੈਂ ਹੀ ਸਾਨੂੰ ਗੁਰੂ ਨਾਲੋਂ ਤੋੜਦੀ ਹੈ । ਇਸੇ ਕਰਕੇ ਆਪਣੇ ਗੁਰੂ ਨਾਲ ਹੋਈ ਇੱਕਮਿਕਤਾ ਬਾਰੇ ਸ੍ਰੀ ਗੁਰੂ ਨਾਨਕ ਜੀ ਲਿਖਦੇ ਹਨ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ (੯੪੩) ਸੁਰਤ ਜੇ ਹਉਮੈਂ ਦੇ ਅਧੀਨ ਹੈ ਤਦ ਗੁਰੂ ਦਾ ਅਭਾਵ ਹੀ ਰਹਿੰਦਾ ਹੈ । ਗੁਰਬਾਣੀ ਵਿੱਚ ਜ਼ੋਰ ਇਸ ਨੂੰ ਖਤਮ ਕਰਨ ਉੱਤੇ ਦਿਤਾ ਗਿਆ ਹੈ: ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ॥ (੬੧ ) ਗੁਰੂ ਜੀ ਕਰਤਾਰ ਨੂੰ ਜਾਨਣ ਦੀ ਸਫਲਤਾ ਦਾ ਜ਼ਿਕਰ ਕਰਦੇ ਹਨ ਕਿ ਜਦੋਂ ਉਸ ਕਰਤਾਰ ਨਾਲ ਇੱਕਮਿਕਤਾ ਹੋ ਗਈ, ਤਦ ਹਉਮੈਂ ਰਹਿ ਹੀ ਨਹੀਂ ਸਕਦਾ ਵੇਖੋ: ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ॥੪॥(੪੩੨)

ਇਸ ਕਰਕੇ, ਇਸ ਸਹਿਜ ਸਥਿਤੀ ਦੇ ਤਜ਼ਰਬੇ ਲਈ ਆਪਣੀ ਮੈਂ, ਆਪਣੀ ਹਉਮੈਂ ਨੂੰ ਆਪਣੇ ਆਪ ਨਾਲੋਂ ਤੋੜਨਾ ਜ਼ਰੂਰੀ ਹੈ, ਪਰ ਜਦੋਂ ਤੀਕ ਇਸ ਨੂੰ ਸਰੀਰ ਨਾਲੋਂ ਨਹੀਂ ਤੋੜਦੇ, ਤਦ ਸਾਡੀ ਹਾਲਤ ਇਹ ਹੈ: ਕਾਮੁ ਕ੍ਰੋਧੁ ਮਾਇਆ ਮਹਿ ਚੀਤੁ॥ (੧੫੩) ਅਜਿਹੀ ਅਵਸਥਾ ਵਿੱਚ ਗੁਰੂ ਨੂੰ ਨਹੀਂ ਸੁਣਿਆ ਜਾਣਾ ਤੇ ਜੇ ਕਦੇ ਸੁਣ ਲਿਆ, ਤਦ ਗੁਰੂ ਸਾਖੀ ਮੰਨੀ ਨਹੀਂ ਜਾਣੀ ਤੇ ਸਹਿਜ ਅਵਸਥਾ ਵਿੱਚ ਮਨ ਟਿਕਣਾ ਨਹੀਂ । ਸਿੱਟੇ ਵੱਜੋਂ ਸੋਹੰ ਦਾ ਅਸਲ ਅਹਿਸਾਸ ਕਦੇ ਵੀ ਨਹੀਂ ਹੋਣਾ । ਇਸ ਪ੍ਰਸੰਗ ਵਿੱਚ ਦੁਨਿਆਵੀ ਵਿਦਿਆ ਮਦਦ ਨਹੀਂ ਕਰਦੀ ਪੜਿ ਪੜਿ ਭੂਲਹਿ ਚੋਟਾ ਖਾਹਿ॥੬੮੬) ਮੁਕਦੀ ਗੱਲ ਕਿ ਹਉਮੈਂ ਨੂੰ ਬਰਕਰਾਰ ਰੱਖ ਕੇ ਨਾ ਹੁਕਮ ਸਮਝ ਆਉਣਾ ਹੈ ਤੇ ਨਾ ਗੁਰੂ। ਇਹ ਮਾਇਆ ਨਾਲ ਲਿਬੜੀ ਪਗਡੰਡੀ ਉੱਤੇ ਤਿਲਕਣਬਾਜ਼ੀ ਹੀ ਹੈ, ਜੋ ਅਮੁੱਕ ਹੈ। ਇਕ ਸ਼ਬਦੁ ਮਨ ਵਿੱਚ ਨਹੀਂ ਵੱਸਣਾ ਅਤੇ ਪਗਡੰਡੀ ਦਾ ਰਸਤਾ ਨਹੀਂ ਮੁੱਕਣਾ ।

ਅਧਿਆਤਮਿਕ ਤੌਰ ਤੇ ਅਸ਼ਾਂਤ ਮਨ ਜੇ ਸ਼ਾਂਤੀ ਦੀ ਤਲਾਸ਼ ਵਿੱਚ ਤੁਰ ਵੀ ਪਵੇ, ਉਸਨੂੰ ਸ਼ਾਂਤੀ ਲੱਭ ਹੀ ਨਹੀਂ ਸਕਦੀ, ਕਿਉਂਕਿ ਮਾਇਆ ਦੀ ਪਗਡੰਡੀ ਉੱਤੇ ਤਿਲਕਣ ਹੈ ਅਤੇ 'ਮੈਂ ' ਦਾ ਬਹੁਤ ਉੱਚਾ ਸ਼ੋਰ ਹੈ। ਇੰਝ ਅਸੀਂ ਵੇਖਦੇ ਹਾਂ ਕਿ ਸ਼ਬਦੁ, ਸਹਿਜ, ਆਪੁ ਅਤੇ ਸੋਹੰ ਅਤੇ ਗੁਰੂ ਸਭ ਇੱਕ ਦੂਜੇ ਨਾਲ ਜੁੜੇ ਹੋਏ ਹਨ, ਜਿਨਾਂ ਨੂੰ ਸਮਝਣਾ ਅਤੇ ਅਮਲ ਵਿੱਚ ਲਿਆਉਣਾ ਅਸਲੀ ਗੁਰੂ ਦੇ ਅਸਲ ਵਿੱਦਿਆਰਥੀ ਦਾ ਜ਼ਰੂਰੀ ਫ਼ਰਜ਼ ਹੈ ਕਿਉਂਕਿ ਨਿਰੀਆਂ ਗੱਲਾਂ ਕਰਨ ਨਾਲ ਕੁਝ ਨਹੀਂ ਹੁੰਦਾ; ਇਸ ਪ੍ਰਸੰਗ ਵਿੱਚ ਸ੍ਰੀ ਗੁਰ ਨਾਨਕ ਜੀ ਨੇ ਸਾਫ ਲਿਖ ਦਿੱਤਾ:

ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥ (੪੬੫)

ਸਿੱਖੀ ਦੇ ਪੀਰੀ ਪੱਖ ਵਿੱਚ ਸਫਲਤਾ ਦੀ ਟੀਸੀ ਦੇ ਅਹਿਸਾਸ ਨੂੰ ਜੀਵਨ ਦਾ ਰਾਹ ਬਣਾਉਣਾ ਬਹੁਤ ਜ਼ਰੂਰੀ ਹੈ, ਨਹੀਂ ਤਾਂ ਸਿੱਖੀ ਸਿਧਾਂਤ ਉੱਤੇ ਦਿੱਤੇ ਜਾਂਦੇ ਭਾਸ਼ਣਾਂ ਦਾ ਅੰਤ ਕੋਈ ਨਹੀਂ ਅਤੇ ਲਾਭ ਵੀ ਕੋਈ ਨਹੀਂ ।

**ਗ. ਸ. ਨਕਸ਼ਦੀਪ ਪੰਜਕੋਹਾ**
**ਅਮਰੀਕਾ**
**8146910997**
**gsnakshdeeppanjkoha@ gmail.com**

# ਸਿੱਖ ਇਨਕਲਾਬ ਦੇ ਮੋਢੀ: ਗੁਰੂ ਨਾਨਕ ਸਾਹਿਬ

**ਡਾ. ਗੁਰਵਿੰਦਰ ਸਿੰਘ**

ਬ੍ਰਿਟਿਸ਼ ਕੰਲੋਬੀਆ ਵਿੱਚ ਵੱਸਦਾ ਡਾ. ਗੁਰਵਿੰਦਰ ਸਿੰਘ ਸਾਹਿਤਕ ਤੇ ਸਮਾਜਿਕ ਗਤੀਵਿਧੀਆਂ ਵਿਚ ਹਮੇਸ਼ਾ ਸਰਗਰਮ ਰਹਿੰਦਾ ਹੈ। ਉਸ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪਰਵਾਸੀ ਪੱਤਰਕਾਰੀ ਵਿਸ਼ੇ 'ਤੇ ਪੀ. ਐਚ. ਡੀ. ਕੀਤੀ ਹੋਈ ਹੈ। ਉਹ ਇਕ ਰੇਡੀਓ ਚੈਨਲ ਦਾ ਸੰਚਾਲਕ ਵੀ ਹੈ।

ਮੁਰਸ਼ਦ-ਏ-ਆਲਮ ਗੁਰੂ ਨਾਨਕ ਸਾਹਿਬ ਅਜਿਹੇ ਪਹਿਲੇ ਕੌਮਾਂਤਰੀ ਆਗੂ ਹਨ, ਜਿਨ੍ਹਾਂ ਦਾ ਮਿਸ਼ਨ ਸਮੁੱਚੀ ਮਾਨਵਤਾ ਦੀ 'ਚੜ੍ਹਦੀ ਕਲਾ' ਤੇ 'ਸਰਬੱਤ ਦੇ ਭਲੇ' ਤੋਂ ਆਰੰਭ ਹੁੰਦਾ ਹੈ। ਉਨ੍ਹਾਂ ਮਾਨਵ ਹਿਤਕਾਰੀ ਤੇ ਵਿਸ਼ਵ-ਵਿਆਪੀ ਜੀਵਨ ਦਰਸ਼ਨ ਦਾ ਸੰਕਲਪ ਦਿੱਤਾ, ਜੋ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦੀ ਮਜ਼ਬੂਤ ਨੀਂਹ 'ਤੇ ਸਥਾਪਿਤ ਹੈ। ਉਹਨਾਂ ਦੁਆਰਾ ਪ੍ਰਸਤੁਤ ੴ ਦਾ ਸਿਧਾਂਤ ਰੰਗ-ਨਸਲ, ਵਰਗ-ਵੰਡ, ਜਾਤ-ਪਾਤ, ਬੇਦ-ਕਤੇਬ, ਦੇਹੁਰਾ-ਮਸੀਤ, ਪੂਜਾ-ਨਿਵਾਜ ਤੇ ਦੇਸ਼-ਕੌਮ ਦੀਆਂ ਹੱਦਾਂ ਅਤੇ ਵਲਗਣਾਂ ਤੋਂ ਪਾਰ, ਸਰਬ੍ ਵਿਆਪਕਤਾ ਤੇ ਸਰਬ-ਸਾਂਝੀਵਾਲਤਾ ਦਾ ਸੰਕਲਪ ਹੈ। ਯੁੱਗ-ਪੁਰਸ਼ ਗੁਰੂ ਨਾਨਕ ਸਾਹਿਬ ਦੇ ਪ੍ਰੇਮ,ਇਤਫ਼ਾਕ ਤੇ ਸਦਭਾਵਨਾ ਦੇ ਸੰਦੇਸ਼ ਸਦਕਾ ਹਿੰਦੂ ਤੇ ਮੁਸਲਮਾਨ, ਸੂਫ਼ੀ ਤੇ ਬ੍ਰਾਹਮਣ, ਅਫ਼ਗਾਨ ਤੇ ਬਲੋਚ, ਰਾਜੇ ਤੇ ਰੰਕ, ਗ੍ਰਹਿਸਤੀ ਤੇ ਤਿਆਗੀ, ਇਸਤਰੀ ਤੇ ਮਰਦ, ਨਾਥ ਤੇ ਯੋਗੀ, ਵਲੀ ਕੰਧਾਰੀ ਤੇ ਹਮਜ਼ਾ ਗੌਂਸ, ਕੌਡੇ ਰਾਖਸ਼ ਤੇ ਸੱਜਣ ਠੱਗ ਆਦਿ ਸਭਨਾਂ ਦੀ ਤਰਜ਼ੇ-ਜ਼ਿੰਦਗੀ ਵਿੱਚ ਕ੍ਰਾਂਤੀਕਾਰੀ ਪਰਿਵਰਤਨ ਆਉਣਾ ਤੇ ਗੁਰੂ ਸਾਹਿਬ ਦੇ ਮੁਰੀਦ ਤੇ ਸ਼ਰਧਾਲੂ ਬਣ ਜਾਣਾ, ਵਿਸ਼ਵ ਇਤਿਹਾਸ ਵਿੱਚ ਅਲੌਕਿਕ ਵਰਤਾਰਾ ਹੈ। ਦਰਅਸਲ ਉਨ੍ਹਾਂ ਦਾ ਪ੍ਰੇਮ ਪੈਗ਼ਾਮ ਸੰਪੂਰਨ ਇਨਸਾਨੀਅਤ ਲਈ ਹੈ ਅਤੇ ਖੱਤਰੀ, ਬ੍ਰਾਹਮਣ, ਸ਼ੂਦਰ ਅਤੇ ਵੈਸ਼ ਚਹੁੰ ਵਰਨਾ ਲਈ ਉਪਦੇਸ਼ ਸਾਂਝਾ ਹੈ। ਜ਼ਾਹਰ-ਪੀਰ ਤੇ ਜਗਤ-ਤਾਰਕ ਬਾਬਾ ਨਾਨਕ ਨੇ ਆਪਣੀ ਨਿਵੇਕਲੀ ਵਿਚਾਰਧਾਰਾ ਤੇ ਮਹਾਨ ਫ਼ਲਸਫ਼ੇ ਨਾਲ ਨੌਂ ਖੰਡ ਪ੍ਰਿਥਵੀ ਦਾ ਹਨੇਰਾ ਖਤਮ ਕਰ ਦਿੱਤਾ। ਪੂਰਬੀ ਦੁਨੀਆ ਵਿੱਚ ਉਦੈ ਹੋਇਆ ਇਹ ਸੂਰਜ ਸਾਰੇ ਸੰਸਾਰ ਲਈ ਚਾਨਣ ਮੁਨਾਰਾ ਬਣਿਆ।

ਗੁਰੂ ਸਾਹਿਬ ਦਾ ਸਮਕਾਲੀ ਮਾਨਵ-ਜੀਵਨ ਅਧਿਆਤਮਿਕ, ਸਮਾਜਿਕ, ਰਾਜਨੀਤਿਕ ਤੇ ਸਭਿਆਚਾਰਕ, ਚਾਰੇ ਪਹਿਲੂਆਂ ਤੋਂ ਘੋਰ ਗਿਰਾਵਟ ਦਾ ਸ਼ਿਕਾਰ ਹੋ ਚੁੱਕਿਆ ਸੀ। ਚਾਰ-ਚੁਫੇਰੇ ਰਬੀ ਨਾਮ ਦੀ ਥਾਂ ਕਰਮਾਂ-ਕਾਂਡਾਂ, ਵਹਿਮਾਂ-ਭਰਮਾਂ ਦਾ ਰਾਮ-ਰੌਲਾ ਵਾਯੂ-ਮੰਡਲ ਦੂਸ਼ਿਤ ਕਰ ਰਿਹਾ ਸੀ। ਧਰਮ ਦਾ ਠੇਕੇਦਾਰ ਧਾਰਮਿਕ-ਪੁਸ਼ਾਕ ਪਹਿਨ ਕੇ ਧਰਮ ਦਾ ਲਹੂ ਪੀ ਰਿਹਾ ਸੀ, ਜਿਸ ਕਾਰਨ ਉਸ ਦਾ ਬੇਇਲਮਾ ਅਮਲ ਤੇ ਬੇਅਮਲਾ ਇਲਮ ਬੇ-ਅਰਥ ਹੋ ਚੁੱਕਿਆ ਸੀ। ਮੰਨੂ ਸਮ੍ਰਿਤੀ ਦੀ ਵਰਗ-ਵੰਡ ਕਾਰਨ ਜਾਤਾਂ-ਪਾਤਾਂ ਵਿੱਚ ਵੰਡੇ ਭਾਰਤਵਾਸੀ ਲੀਰੋ-ਲੀਰ ਹੋ ਚੁੱਕੇ ਸਨ। ਅੰਦਰੂਨੀ ਤੌਰ ਤੇ ਨਿਕੰਮੇ, ਲਾਚਾਰ ਤੇ ਕਮਜ਼ੋਰ ਭਾਰਤ ਦਾ ਜਿਸਮ ਡਾਕੂ ਲੁਟੇਰੇ, ਲੰਗੜੇ ਜਰਨੈਲ ਤੇ ਆਜੜੀ ਮੁਰੈਲ੍ਹ ਖ਼ੂਨੀ ਨਹੁੰਦਰਾਂ ਨਾਲ ਨੋਚਦੇ ਰਹੇ ਸਨ। ਇਹ ਬਘਿਆੜਾਂ ਤੇ ਕੁੱਤਿਆਂ ਦਾ ਰੂਪ ਅਖਤਿਆਰ ਕਰਕੇ ਮਨੁੱਖਤਾ ਦਾ ਲਹੂ ਪੀ ਰਹੇ ਸਨ:

ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥
ਚਾਕਰ ਨਹ ਦਾ ਪਾਇਨਿ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥
(ਗੁਰੂ ਗਰੰਥ ਸਾਹਿਬ, 1288)

ਮਧਕਾਲੀਨ ਇਤਿਹਾਸ ਵਿੱਚ ਜ਼ਾਲਮ ਹਕੂਮਤ ਦੇ ਬਰਖ਼ਿਲਾਫ਼ ਤੇ ਮਾਨਵ ਅਧਿਕਾਰਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਵਾਲੇ ਪਹਿਲੇ ਇਨਕਲਾਬੀ ਆਗੂ ਮਰਦਿ-ਕਾਮਿਲ ਗੁਰੂ ਨਾਨਕ ਸਾਹਿਬ ਹਨ। ਇਹ ਦਲੇਰਾਨਾ ਪਹਿਲ-ਕਦਮੀ ਸਿੱਖ ਕੌਮ ਨੂੰ ਦੁਨੀਆ ਦੀ ਬਹਾਦਰ ਤੇ ਸੂਰਬੀਰ ਕੌਮ ਵਜੋਂ ਉਜਾਗਰ ਕਰਨ ਲਈ ਮਾਰਗ ਦਰਸ਼ਕ ਬਣੀ। ਜੋ ਖਾਲਸਾ ਰੂਪੀ ਬ੍ਰਿਛ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪ੍ਰਫੁੱਲਿਤ ਹੋਇਆ ਸੀ, ਉਸ ਦੇ ਬੀਜ ਗੁਰੂ ਨਾਨਕ ਸਾਹਿਬ ਜੀ ਬੀਜ ਗਏ ਸਨ ਅਤੇ ਉਤਰਾ-ਅਧਿਕਾਰੀ ਗੁਰੂ ਸਾਹਿਬਾਨ ਉਸ ਦੀ ਸਿੰਚਾਈ ਕਰਕੇ ਪਾਲਣ ਕਰਦੇ ਰਹੇ ਸਨ। ਜ਼ੁਲਮ ਦੇ ਖਾਤਮੇ ਲਈ ਅਤੇ ਮਜ਼ਲੂਮਾਂ ਦੀ ਰਾਖੀ ਲਈ ਜੋ ਕਿਰਪਾਨ ਖਾਲਸੇ ਫੜਾਈ ਗਈ ਸੀ, ਬੇਸ਼ਕ ਗੁਰੂ ਗੋਬਿੰਦ ਸਿੰਘ ਜੀ ਨੇ ਬਣਾਈ ਸੀ, ਪਰ ਉਸ ਦਾ ਫੌਲਾਦ ਗੁਰੂ ਨਾਨਕ ਦੇਵ ਜੀ ਨੇ ਤਿਆਰ ਕੀਤਾ ਸੀ। ਇਉਂ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਸਾਹਿਬਾਨ ਵੱਖੋ-ਵੱਖਰੇ ਨਹੀਂ, ਬਲਕਿ ਇੱਕ ਹੀ ਜੋਤ ਹਨ ਤੇ ਇਹ ਜੋਤ ਗੁਰੂ ਗ੍ਰੰਥ ਸਾਹਿਬ ਦੇ ਜੁੱਗੋ ਜੁੱਗ ਅਟੱਲ ਸਿਧਾਂਤ ਰੂਪ ਵਿੱਚ ਸਦਾ ਹੀ ਕਾਇਮ ਹੈ ਅਤੇ ਰਹੇਗੀ।

ਧਰਮ ਦੇ ਸੰਕਲਪ ਨੂੰ ਗੁਰੂ ਨਾਨਕ ਸਾਹਿਬ ਨੇ ਨਿਜੀ ਸੁਆਰਥ, ਰਾਜਨੀਤਿਕ ਚੌਧਰ ਤੇ ਜਾਤੀਵਾਦ ਦੇ ਸੰਕੀਰਨ ਤੇ ਸੰਕੁਚਿਤ ਦਾਇਰਿਆਂ 'ਚੋ ਬਾਹਰ ਕੱਢ ਕੇ ਅਸਲੋਂ ਨਵੇਂ ਰੂਪ ਵਿੱਚ ਪਰਿਭਾਸ਼ਿਤ ਕਰਦੇ ਹੋਏ, ਇਸ ਨੂੰ

ਸੁਭ-ਕਰਮ, ਸਵੈ-ਵਿਸ਼ਵਾਸ ਤੇ ਸਦਭਾਵਨਾ ਦਾ ਕੇਂਦਰ-ਬਿੰਦੂ ਬਣਾ ਦਿੱਤਾ। ਆਪਣਾ ਮੂਲ ਪਛਾਣਦੇ ਹੋਏ ਸਭ ਨੂੰ ਆਪਣੇ ਧਰਮ ਵਿੱਚ ਦ੍ਰਿੜ ਅਤੇ ਪਰਪੱਕ ਹੋਣ ’ਤੇ ਜ਼ੋਰ ਦਿੱਤਾ। ਸੱਚਾ ਮੁਸਲਮਾਨ ਉਹ ਹੈ, ਜੋ ਮਿਹਰ ਦੀ ਮਸਜਿਦ ਵਿੱਚ ਸਿਦਕ ਦਾ ਮੁਸੱਲਾ ਵਿਛਾ ਕੇ ਸਚਾਈ, ਇਮਾਨਦਾਰੀ, ਬੰਦਗੀ, ਸਾਫ-ਦਿਲੀ ਤੇ ਸਿਫ਼ਤ ਦੀਆਂ ਪੰਜ ਨਿਮਾਜ਼ਾਂ ਪੜ੍ਹਦਾ ਹੈ ਤੇ ਬ੍ਰਾਹਮਣ ਉਹ ਹੈ ਜੋ ਸਤਿ, ਸੰਤੋਖ, ਦਇਆ ਤੇ ਜਤ-ਪਤ ਦਾ ਧਾਰਨੀ ਹੈ। ਜੋਗੀ ਉਹ ਹੈ, ਜਿਸ ਦੇ ਕੰਨਾਂ ’ਚ ਸੰਤੋਖ ਦੀਆਂ ਮੁੰਦਰਾਂ, ਉਦਮ ਦੀ ਝੋਲੀ , ਧਿਆਨ ਦੀ ਬਿਭੂਤੀ ਅਤੇ ਹੱਥ ਵਿੱਚ ਜੁਗਤੀ ਦਾ ਡੰਡਾ ਫੜਿਆ ਹੋਇਆ ਹੈ। ਕਾਜੀ ਉਹ ਹੈ, ਜੋ ਸਚਾਈ ’ਤੇ ਪਹਿਰਾ ਦਿੰਦਾ ਹੋਇਆ ਪੂਰਨ ਨਿਆਂ ਕਰੇ। ਗੁਰੂ ਸਾਹਿਬ ਦੁਆਰਾ ਪ੍ਰਭਾਵਸ਼ਾਲੀ ਢੰਗ ਨਾਲ ਅਤੇ ਬੇਹੱਦ ਢੁਕਵੀਂਆਂ ਦਲੀਲਾਂ ਦੁਆਰਾ, ਦਮ ਤੋੜ ਚੁੱਕੇ ਮਨੁੱਖੀ ਸਮਾਜ ਨੂੰ ਪੁਨਰ-ਜੀਵਨ ਦਾਨ ਬਖ਼ਸ਼ਣ ਲਈ ਕੀਤੇ ਗਏ ਮਹਾਨ ਉਪਕਾਰਾਂ ਵਾਸਤੇ ਸਮੁੱਚੇ ਮਾਨਵਤਾ ਉਹਨਾਂ ਦੀ ਕਰਜ਼ਦਾਰ ਹੈ। ਸਮਾਜ ਦੀ ਪੁਨਰ-ਸਥਾਪਨਾ ਦੇ ਪ੍ਰਸੰਗ ਵਿੱਚ ਉਹਨਾਂ ਦੁਆਰਾ ਪੇਸ਼ ਵਿਵੇਕ-ਭਰਪੂਰ ਪਰਿਭਾਸ਼ਾਵਾਂ ਦ੍ਰਿਸ਼ਟੀ-ਗੋਚਰ ਹਨ:

ਸੋ ਜੋਗੀ ਜੋ ਜੁਗਤਿ ਪਛਾਣੈ॥ ਗੁਰ ਪਰਸਾਦੀ ਏਕੋ ਜਾਣੈ॥
ਕਾਜੀ ਸੋ ਜੋ ਉਲਟੀ ਕਰੈ॥ ਗੁਰ ਪਰਸਾਦੀ ਜੀਵਤੁ ਮਰੈ॥
ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥ ਆਪਿ ਤਰੈ ਸਗਲੇ ਕੁਲ ਤਾਰੇ॥
ਦਾਨਸ ਬੰਦੁ ਸੋਈ ਦਿਲੁ ਧੋਵੈ॥ ਮੁਸਲਮਾਣੁ ਸੋਈ ਮਲੁ ਖੋਵੈ॥
(ਗੁਰੂ ਗਰੰਥ ਸਾਹਿਬ, 622)

ਗੁਰੂ ਨਾਨਕ ਦਰਸ਼ਨ ਆਤਮਾ-ਪਰਮਾਤਮਾ, ਧਰਮ, ਆਚਾਰ-ਨੀਤੀ, ਨੈਤਿਕਤਾ ਵਰਗੇ ਸੂਖਮ ਤੇ ਸਥੂਲ, ਆਦਰਸ਼ਕ ਤੇ ਵਾਸਤਵਿਕ, ਅਧਿਆਤਮਕ ਤੇ ਸਮਾਜਿਕ ਵਿਸ਼ਿਆਂ ਨੂੰ ਅਸਲੋਂ ਨਿਵੇਕਲੇ ਦ੍ਰਿਸ਼ਟੀਕੋਣ ਤੋਂ ਪ੍ਰਸਤੁਤ ਕਰਦਾ ਹੈ। ਗੁਰੂ ਨਾਨਕ ਬਾਣੀ ਵਿੱਚ ਪਾਖੰਡ ਦੀ ਥਾਂ ਸੱਚੀ-ਸੁੱਚੀ ਭਗਤੀ, ਹਰਾਮ ਦੀ ਥਾਂ ਹਲਾਲ ਦੀ ਕਮਾਈ, ਅਨਿਆਂ ਦੀ ਥਾਂ ਨਿਆਂ ਅਤੇ ਨਫ਼ਰਤ ਦੀ ਥਾਂ ਪ੍ਰੇਮ ਦਾ ਸੁਨੇਹਾ ਦੇ ਕੇ ਆਦਰਸ਼ਕ ਸਮਾਜ ਦੀ ਸਿਰਜਣਾ ਕੀਤੀ ਗਈ ਹੈ। ਗੁਰੂ ਸਾਹਿਬ ਨੇ ਲੋਕ-ਧਰਮ ਅਤੇ ਲੋਕ-ਗਾਥਾਵਾਂ ਦਾ ਵਰਣਨ ਖੰਡਨਾਤਮਿਕ ਤੇ ਮੰਡਨਾਤਮਿਕ ਦੋਹਾਂ ਵਿਧੀਆਂ ਰਾਹੀਂ ਕੀਤੀ ਹੈ। ਜਿੱਥੇ ਉਨ੍ਹਾਂ ਲੋਕ ਧਰਮ ਦੇ ਕਈ ਸਿਰਜਣਾਤਮਕ ਅਤੇ ਲੋਕ-ਹਿਤਕਾਰੀ ਸੰਕਲਪਾਂ ਨੂੰ ਸਵੀਕਾਰ ਕੀਤਾ ਹੈ, ਉੱਥੇ ਚਾਰ-ਵਰਨ, ਚਾਰ-ਆਸ਼ਰਮ, ਹੋਮ-ਯਗ, ਤੀਰਥ-ਗਮਨ, ਸੂਤਕ-ਪਾਤਕ ਆਦਿ ਕਰਮ ਕਾਂਡਾਂ ਪ੍ਰਤੀ ਖੰਡਨਾਤਮਿਕ ਆਲੋਚਨਾ ਦੀ ਦ੍ਰਿਸ਼ਟੀ ਅਪਣਾਈ ਹੈ ।

ਭਾਰਤ ਦੇ ਇਤਿਹਾਸ ਵਿੱਚ ਅਪਮਾਨਿਤ ਅਤੇ ਨਫ਼ਰਤ ਦੀ ਪਾਤਰ ਵਜੋਂ ਪੇਸ਼ ਕੀਤੀ ਗਈ ਇਸਤਰੀ ਜਾਤੀ ਨੂੰ ਗੁਰੂ ਨਾਨਕ ਸਾਹਿਬ ਨੇ ਅਤਿ ਸਤਿਕਾਰਯੋਗ ਸਥਾਨ ਦੁਆ ਕੇ ਜਿੱਥੇ ਸਦੀਆਂ ਤੋਂ ਸਮਾਜ ਦੇ ਮੱਥੇ ਤੇ ਲੱਗੇ ਕਲੰਕ ਨੂੰ ਸਾਫ਼ ਕੀਤਾ ਹੈ ,ਉੱਥੇ ਸੰਗਤ ਅਤੇ ਪੰਗਤ ਦੀ ਨਿਵੇਕਲੀ ਮਰਿਆਦਾ ਸ਼ੁਰੂ ਕਰਕੇ ਸਮਾਜਿਕ-ਰੋਅਬ ਤੇ ਜਾਤ-ਅਭਿਮਾਨ ਨੂੰ ਖਤਮ ਕਰਦਿਆਂ, ਸ਼ਖਸੀ-ਸਮਾਨਤਾ ਦੀ ਸੋਚ ਨੂੰ ਅਮਲੀ ਜਾਮਾ ਪਹਿਨਾਉਣ ਵਿੱਚ ਵੀ ਪਹਿਲਕਦਮੀ ਕੀਤੀ ਹੈ । ਪਰ-ਅਧਿਕਾਰ ਉੱਪਰ ਕਬਜ਼ੇ ਦੀ ਭਾਵਨਾ ਨੂੰ ਧਿਕਾਰਦੇ ਹੋਏ ਜਿੱਥੇ ਗੁਰੂ ਸਾਹਿਬ ਨੇ ਪਰਾਏ-ਹੱਕ ਨੂੰ ਗਊ ਤੇ ਸੂਰ ਦਾ ਮਾਸ ਖਾਣ ਤੇ ਤੁਲ ਦਰਸਾਇਆ ਹੈ, ਉੱਥੇ ਹੱਕ-ਹਲਾਲ ਦੀ ਕਮਾਈ ਤੇ ਦਸਾਂ ਨੂੰਹਾਂ ਦੀ ਕਿਰਤ ਦੀ ਸ੍ਰੇਸ਼ਟਤਾ ਉਜਾਗਰ ਕਰਨ ਲਈ ਜੀਵਨ ਕਾਲ ਦੇ ਅੰਤਿਮ 18 ਵਰ੍ਹੇ ਰਾਵੀ ਕਿਨਾਰੇ ਵਸਾਏ ਪ੍ਰਭੂਨਗਰ ਕਰਤਾਰਪੁਰ ਸਾਹਿਬ ਵਿਖੇ ਕਿਰਸਾਣੀ ਕਰਦੇ ਹੋਏ, ਹਲ ਚਲਾਉਂਦਿਆਂ ਕਿਰਤੀ ਤੇ ਮਿਹਨਤਕਸ਼ਾਂ ਦੀ ਢਾਣੀ ਦੇ ਮੋਢੀ ਬਣੇ । ਗੁਰੂ ਨਾਨਕ ਸਾਹਿਬ ਦੀ ਚਰਨ-ਛੋਹ ਪ੍ਰਾਪਤ ਇਹ ਪਵਿੱਤਰ ਅਸਥਾਨ ਹੀ, ਸਿਆਸੀ ਹਉਮੈਂ ਦੇ ਸ਼ਿਕਾਰ ਅਤੇ ਹੱਦਾਂ ਸਰਹੱਦਾਂ ਵਿੱਚ ਤਕਸੀਮ ਹੋਏ ਮੁਲਕਾਂ ਅੰਦਰ ਪ੍ਰੇਮ ਅਤੇ ਸਦਭਾਵਨਾ ਦੀ ਸਾਂਝ ਕਾਇਮ ਕਰਨ ਦਾ ਆਧਾਰ ਬਣਿਆ ਹੈ।

ਗੁਰਮਤਿ ਦਾ ਮਾਰਗ ਪ੍ਰਵਿਰਤੀ-ਮੂਲਕ ਨਿਵਿਰਤੀ ਅਤੇ ਪ੍ਰੇਮ ਭਗਤੀ ਦਾ ਸਹਿਜ ਅਤੇ ਸੁਖੈਨ ਮਾਰਗ ਹੈ । ਨਾਥਾਂ-ਸਿੱਧਾਂ ਦੇ ਯੋਗੀਆਂ ਦੇ ਹੱਠ ਅਤੇ ਤਿਆਗ ਮਾਰਗ ਦੀ ਵਿਆਖਿਆ ਕਰਦੇ ਹੋਏ 'ਪੰਤਜਲੀ ਦਰਸ਼ਨ' ਵਿੱਚ ਕਿਹਾ ਗਿਆ ਹੈ: "ਅਥ ਜੋਗਾਨੁਸ਼ਾਸਨਮ॥ ਯੋਗਸ਼ਚਿਤ ਵ੍ਰਤਿਨਿਰੋਧਹ ॥ ਤਥਾ ਦ੍ਰਿਸ਼ਟ ਸਵਰੂਪੇ ਅਵਸਥਾਨਮ॥" ਅਜਿਹੀ ਕਠਿਨ ਤਪੱਸਿਆ ਅਤੇ ਘਰ-ਬਾਰ ਦੇ ਤਿਆਗ ਦੀ ਥਾਂ ਗੁਰੂ ਨਾਨਕ ਸਾਹਿਬ ਦੇ ਪੰਥ ਵਿੱਚ ਹੱਸਦਿਆਂ, ਖੇਲਦਿਆਂ, ਪਹਿਨਦਿਆਂ, ਖਾਂਵਦਿਆਂ ਵਿੱਚੈ ਹੋਵੈ ਮੁਕਤਿ ਦਾ ਮਹਾਨ ਸਿਧਾਂਤ ਪੇਸ਼ ਕੀਤਾ ਗਿਆ ਹੈ । ਗ੍ਰਹਿਸਤ ਮਾਰਗ ਨੂੰ ਪਹਿਲ ਦਿੰਦਿਆਂ ਗੁਰੂ ਨਾਨਕ ਦੇਵ ਜੀ ਨੇ ਬਟਾਲਾ ਨਿਵਾਸੀ ਸ੍ਰੀ ਮੂਲ ਚੰਦ ਦੀ ਪੁੱਤਰੀ ਬੀਬੀ ਸੁਲੱਖਣੀ ਨਾਲ ਵਿਆਹ ਕਰਵਾਇਆ । ਆਪ ਜੀ ਦੇ ਗ੍ਰਹਿ ਵਿਖੇ ਦੋ ਪੁੱਤਰਾਂ ਸ੍ਰੀ ਚੰਦ ਤੇ ਲਖਮੀ ਦਾਸ ਨੇ ਜਨਮ ਲਿਆ ।

ਮੱਧ ਕਾਲ ਵਿੱਚ ਸੰਸਾਰ ਤੇ ਪਰਿਵਾਰ ਦਾ ਤਿਆਗ ਕਰਨ ਵਾਲੇ ਅਖੌਤੀ ਧਾਰਮਿਕ-ਮਤ ਦੇ ਖੰਡਰਾਂ 'ਤੇ ਖੜ੍ਹੀ ਨਾਥਾਂ-ਜੋਗੀਆਂ ਦੀ ਜਮਾਤ, ਸੰਸਾਰ ਤੋਂ ਭਗੌੜੀ ਹੋ ਕੇ ਪਹਾੜਾਂ ਦੀਆਂ ਕੰਦਰਾਂ ਵਿੱਚ ਛੁਪੀ ਬੈਠੀ ਸੀ ਅਤੇ ਲੁਕਾਈ

ਯਤੀਮ ਹੋ ਚੁੱਕੀ ਸੀ। ਅਜਿਹੀਆਂ ਸੰਕਟਮਈ ਪਰਸਥਿਤੀਆਂ ਵਿੱਚ ਗੁਰੂ ਸਾਹਿਬ ਨੇ ਆਪਣੇ ਮਾਨਵਵਾਦੀ ਸੰਦੇਸ਼ ਨੂੰ ਦੇਸ-ਕਾਲ ਦੀਆਂ ਸੀਮਾਵਾਂ ਤੋਂ ਪਾਰ, ਪੂਰੇ ਵਿਸ਼ਵ ਤੱਕ ਪਹੁੰਚਾਉਣ ਲਈ ਪੈਦਲ ਯਾਤਰਾ ਆਰੰਭ ਕੀਤੀ । ਬੇਸ਼ੱਕ ਮਾਨਵ ਕਲਿਆਣ ਵਾਸਤੇ ਇਸਾਈ ਧਰਮ ਦੇ ਪ੍ਰਮੁੱਖ ਯਿਸੂ ਮਸੀਹ ਨੇ ਬੈਥਲਮ ਤੋਂ ਯੋਰੋਸ਼ਲਮ ਤੱਕ, ਇਸਲਾਮ ਧਰਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਨੇ ਮੱਕੇ ਤੋਂ ਮਦੀਨੇ ਤੱਕ ਤੇ ਬੁੱਧ ਮੱਤ ਦੇ ਮੋਢੀ ਮਹਾਤਮਾ ਗੌਤਮ ਬੁੱਧ ਨੇ ਨੇਪਾਲ ਤੋਂ ਗਯਾ ਤੱਕ ਦੀ ਯਾਤਰਾ ਕੀਤੀ, ਪਰ ਗੁਰੂ ਨਾਨਕ ਦੇਵ ਜੀ ਨੇ 1499 ਈਸਵੀ ਤੋਂ ਲੈ ਕੇ 1521 ਤਕ ਤਕਰੀਬਨ 22 ਵਰ੍ਹੇ ਨੌਂ ਖੰਡ ਪ੍ਰਿਥਵੀ ਦਾ 24 ਹਜ਼ਾਰ ਮੀਲ ਤੋਂ ਵਧੇਰੇ ਪੈਂਡਾ ਪੈਦਲ ਤੈਅ ਕੀਤਾ, ਜਿਸ ਦੇ ਬਰਾਬਰ ਸੰਸਾਰ ਵਿੱਚ ਕੋਈ ਮਿਸਾਲ ਨਹੀਂ ਮਿਲਦੀ। ਸੈਦਪੁਰ ਤੋਂ ਸ਼ੁਰੂ ਹੋਇਆ ਇਹ ਸਫ਼ਰ ਮੁਲਤਾਨ ਕੁਰਕਸ਼ੇਤਰ, ਦਿੱਲੀ, ਹਰਿਦੁਆਰ, ਗੋਰਖਮਤਾ, ਬਨਾਰਸ, ਗਯਾ, ਧੁਬਰੀ, ਕਾਮਰੂਪ, ਜਗਨਨਾਥ ਪੁਰੀ, ਲੰਕਾ, ਪਾਕ ਪਟਨ, ਕੈਲਾਸ਼ ਪਰਬਤ, ਲੱਦਾਖ,ਕਸ਼ਮੀਰ ਕਾਂਗੜਾ, ਕੁੱਲੂ,ਬੈਜਨਾ,ਜਵਾਲਾਮੁਖੀ ,ਸਿਆਲਕੋਟ ,ਮੱਕਾ ,ਮਦੀਨਾ, ਬਗਦਾਦ, ਕਾਬਲ, ਕੰਧਾਰ, ਪਿਸ਼ਾਵਰ ਹੁੰਦਾ ਹੋਇਆ 1521 ਈ. ਨੂੰ ਸੈਦਪੁਰ ਹੀ ਖਤਮ ਹੋਇਆ।

ਗੁਰੂ ਜੀ ਨੇ ਵਰਤਮਾਨ ਦੇਸ਼ਾਂ ਚੀਨ, ਮੰਗੋਲੀਆ, ਤਿੱਬਤ, ਨੇਪਾਲ, ਭੂਟਾਨ, ਰੂਸ,ਇਟਲੀ, ਤੁਰਕੀ, ਲੰਕਾ, ਬ੍ਰਹਮਾ, ਥਾਈਲੈਂਡ, ਈਰਾਨ, ਇਰਾਕ, ਕੁਵੈਤ ਤੇ ਅਫਗਾਨਿਸਤਾਨ ਆਦਿ ਜਾ ਕੇ ਪ੍ਰੇਮ ਅਤੇ ਮਾਨਵਤਾ ਦਾ ਉਪਦੇਸ਼ ਦਿੱਤਾ। ਆਪ ਮਾਤਾ ਤ੍ਰਿਪਤਾ ਲਈ ਨਾਨਕ ਸੁਤ, ਮੁਸਲਮਾਨਾਂ ਲਈ ਨਾਨਕ ਸ਼ਾਹ ਪੀਰ, ਹਿੰਦੂਆਂ ਲਈ ਨਾਨਕ ਦੇਵ, ਜੋਗੀਆਂ ਲਈ ਨਾਨਕ ਨਾਥ ਅਤੇ ਸਮੂਹ ਸਿੱਖ ਜਗਤ ਲਈ ਗੁਰੂ ਨਾਨਕ ਸਾਹਿਬ ਬਣੇ। ਭਾਈ ਗੁਰਦਾਸ ਜੀ (1551੍ 1629 ਈ।) ਦਾ ਕਥਨ ਆਪ ਦੀ ਮੁਰਸ਼ਦ-ਏ-ਆਲਮ ਦੇ ਰੂਪ ਵਿੱਚ ਸਿਫ਼ਤ ਲਈ ਸਾਰਥਕ ਜਾਪਦਾ ਹੈ

ਗੁਰੂ ਨਾਨਕ ਸਭ ਕੇ ਸਿਰਤਾਜ਼ਾ॥
ਜਿਸ ਕੋ ਸਿਮਰ ਸਰੇ ਸਭ ਕਾਜਾ॥
(ਭਾਈ ਗੁਰਦਾਸ ਵਾਰਾਂ)

ਅਦਵੈਤਵਾਦ ਅਤੇ ਇੱਕ-ਈਸ਼ਵਰਵਾਦ ਦੀ ਭਾਵਨਾ ਨੂੰ ਦ੍ਰਿਸ਼ਟੀ੍ਗੋਚਰ ਕਰਦਾ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਮੂਲ ਉਪਦੇਸ਼ ਮਾਨਵ ਕਲਿਆਣ ਹੈ। ਡਾ. ਸਾਹਿਬ ਸਿੰਘ ਅਨੁਸਾਰ ਗੁਰੂ ਨਾਨਕ ਨੇ 206 ਸ਼ਬਦ 121 ਅਸ਼ਟਪਦੀਆਂ, 25 ਛੰਦ, 3 ਵਾਰਾਂ ਅਤੇ 256 ਸਲੋਕਾਂ ਦੀ ਸਿਰਜਨਾ ਕੀਤੀ । ਆਪ ਜੀ ਦੇ

ਵਿਸ਼ਾਲ ਰਚਨਾ ਖੇਤਰ ਵਿੱਚ ਜਪਜੀ, ਸਿੱਧ ਗੋਸ਼ਟਿ, ਆਸਾ ਦੀ ਵਾਰ, ਬਾਰਾਂਮਾਹ, ਅਲਾਹੁਣੀਆਂ ਅਤੇ ਪੱਟੀ ਸਮੇਤ, ਸਾਰੀਆਂ ਹੀ ਮਹਾਨ ਬਾਣੀਆਂ ਹਨ। ਆਪ ਦੀ ਬਾਣੀ ਰਾਗਾਂ ਵਿੱਚ ਰੱਖੀ ਹੋਈ ਹੈ, ਜਿਨ੍ਹਾਂ ਦੀ ਸੰਗੀਤਕਤਾ ਲੋਕ ਮਨ ਵਿੱਚ ਇਕਸੁਰਤਾ ਅਤੇ ਇਕਾਗਰਤਾ ਪੈਦਾ ਕਰਦੀ ਹੈ, ਪਰ ਇੱਥੇ ਰਾਗਾਂ ਦਾ ਉਪਦੇਸ਼ ਸੰਗੀਤ ਸ਼ਾਸਤਰੀਅਤਾ ਜਾਂ ਵਸ਼ਿਸ਼ਟਤਾ ਦਾ ਪ੍ਰਚਾਰ ਕਰਨਾ ਨਹੀਂ, ਸਗੋਂ ਸਹਿਜ ਅਤੇ ਸੁਭਾਵਿਕ ਕੀਰਤਨ ਰਾਹੀਂ, ਰੱਬੀ ਅਨੁਭਵ ਦਾ ਪ੍ਰਗਟਾਵਾ ਕਰਦੇ ਹੋਏ, ਰਬੀ ਨਾਮ-ਭਰਪੂਰ ਸ਼ਖ਼ਸੀਅਤ ਦੀ ਸਥਾਪਨਾ ਕਰਨਾ ਹੈ । ਅਕਾਲ ਰੂਪ ਬਾਬੇ ਨਾਨਕ ਨਾਲ ਰਬਾਬੀ ਮਰਦਾਨੇ ਦੀ ਸੰਗਤ, ਸਾਧਨਾ ਅਤੇ ਸੰਗੀਤ ਦਾ ਖ਼ੂਬਸੂਰਤ ਸੰਗਮ ਹੈ ।

ਪ੍ਰਸਿੱਧ ਵਿਦਵਾਨ ਸਾਦਿਕ ਅਲੀ ਖਾਨ ਆਪਣੀ ਪੁਸਤਕ 'ਸਰਮਾਇਆ ਇਸ਼ਰਤ' ਵਿੱਚ ਲਿਖਦਾ ਹੈ, ਜਿੱਥੇ ਹੋਰ ਬੇਅੰਤ ਗੁਣ ਗੁਰੂ ਨਾਨਕ ਸਾਹਿਬ ਵਿੱਚ ਸਨ, ਉੱਥੇ ਉਹ ਇੱਕ ਮਹਾਨ ਸੰਗੀਤਕਾਰ ਵੀ ਸਨ। ਛੇ ਤਾਰਾਂ ਵਾਲਾ ਰਬਾਬ ਉਨ੍ਹਾਂ ਦੀ ਹੀ ਕਾਢ ਹੈ । ਗੁਰੂ ਨਾਨਕ ਸਾਹਿਬ ਦੇ ਸ਼ਬਦ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸ੍ਰੀ ਰਾਗ, ਮਾਝ ,ਗਾਉੜੀ, ਆਸਾ, ਗੁਜਰੀ, ਵਡਹੰਸ, ਸੋਰਠ,ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ ਤੇ ਪ੍ਰਭਾਤੀ ਸਮੇਤ 19 ਰਾਗਾਂ ਵਿੱਚ ਮਿਲਦੇ ਹਨ । ਰਾਗ ਬਿਹਾਗੜਾ ਵਿੱਚ ਆਪ ਨੇ ਸਿਰਫ ਸਲੋਕ ਹੀ ਰਚੇ ਹਨ। ਗੁਰੂ ਨਾਨਕ ਰਚਨਾ ਦੀ ਵਿਲੱਖਣ ਨੁਹਾਰ ਦਾ ਕਾਰਨ ਸਮੇਂ ਅਤੇ ਸਥਾਨ ਦੀ ਸੀਮਾ ਤੋਂ ਮੁਕਤ ਭਾਸ਼ਾ ਦਾ ਸੁਮੇਲ ਹੈ । ਇਸ ਵਿੱਚਲੀ ਭਾਸ਼ਾ, ਸਦੀਵੀ ਸਮਝੀ ਜਾਣ ਵਾਲੀ ਤੇ ਲੋਕ ਮੁਹਾਵਰੇ ਵਾਲੀ ਸਾਧਾਰਨ ਲੋਕਾਂ ਦੀ ਬੋਲੀ ਹੈ ।

ਗੁਰੂ ਨਾਨਕ ਬਾਣੀ ਪੰਜਾਬੀ, ਸੰਸਕ੍ਰਿਤ, ਪ੍ਰਾਕ੍ਰਿਤਕ ਅਤੇ ਫ਼ਾਰਸੀ ਭਾਸ਼ਾ ਵਿੱਚ ਮਿਲਦੀ ਹੈ।ਜਿੱਥੇ ਆਪ ਨੇ ਬੇਹੱਦ ਮਿੱਠੀ ਬੋਲੀ ਰਾਹੀਂ ਰੂਹਾਨੀ ਫ਼ਲਸਫ਼ੇ ਨੂੰ ਬਿਆਨਿਆ ਹੈ, ਉੱਥੇ ਸਿੰਘ ਗਰਜ ਵਾਲੀ ਕਰੜੀ ਭਾਸ਼ਾ ਰਾਹੀਂ ਅੱਤਿਆਚਾਰੀ ਸ਼ਾਸਕ ਨੂੰ ਤਾੜਨਾ ਵੀ ਕੀਤੀ ਹੈ । ਆਪ ਦੀ ਰਚਨਾ ਰੰਗ-ਬਿਰੰਗੀ ਭਾਸ਼ਾ ਦੇ ਗੁਲਦਸਤੇ ਦੇ ਰੂਪ ਵਿੱਚ ਸੁਸ਼ੋਭਿਤ ਹੈ, ਜੋ ਆਪ ਨੂੰ ਵਿਸ਼ਵ ਦੇ ਮਹਾਨ ਭਾਸ਼ਾ ਵਿਗਿਆਨੀ ਵਜੋਂ ਦਰਸਾਉਂਦੀ ਹੈ । ਆਪ ਦੀ ਬੋਲੀ ਦਾ ਜੁੱਸਾ ਤੇ ਮੁਹਾਵਰਾ ਠੇਠ ਪੰਜਾਬੀ ਹੈ, ਜਿਸ ਨੇ ਨਿੱਗਰ-ਨਰੋਈ ਅਤੇ ਉਸਾਰੂ ਸ਼ਬਦਾਵਲੀ ਰਾਹੀਂ ਪੰਜਾਬੀ ਕਵਿਤਾ ਨੂੰ ਦੁਨੀਆ ਦੇ ਸਰਵੋਤਮ ਸਾਹਿਤ ਦੇ ਰੂਪ ਵਿੱਚ ਵਿਖਿਆਤ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੀ ਰਚਨਾ ਦੇ ਸ਼ਬਦ ਭੰਡਾਰਾਂ

ਵਿੱਚ ਚਿੰਨ੍ਹ, ਪ੍ਰਤੀਕ, ਅਲੰਕਾਰ, ਰਸ, ਸ਼ਬਦ-ਚਿੱਤਰ, ਬੋਲ-ਚਿੱਤਰ ਆਦਿ ਰਹੱਸਮਈ ਭਾਸ਼ਾ ਨੂੰ ਉਜਾਗਰ ਕਰਨ ਲਈ ਵਰਤੇ ਗਏ ਹਨ। ਜਿਵੇਂ ਧਰਤੀ-ਆਕਾਸ਼, ਬਾਰਕ-ਮਾਤਾ, ਸਹੁਰਾ-ਪੇਕਾ, ਸੁਹਾਗਣ-ਦੁਹਾਗਣ, ਬੇੜੀ-ਤੁਲਹਾ, ਮੋਹਿਤ-ਸਾਗਰ, ਦੀਵ-ਬੱਤੀ ਮਿਰਗ-ਕਸਤੂਰੀ ਆਦਿ ਸਮੇਤ ਸਮੁੱਚੀ ਸ੍ਰਿਸ਼ਟੀ ਦੁਆਲੇ ਬਿੰਬ ਤੇ ਪ੍ਰਤੀਕ ਉਸਰਦੇ ਹਨ। ਗੁਰੂ ਸਾਹਿਬ ਧੁਰ ਕੀ ਅਤੇ ਖਸਮ ਕੀ ਬਾਣੀ ਦੀ, ਆਵੇਸ਼ ਵਿੱਚ ਸਰੋਦੀ ਹੂਕ ਦੇ ਹਿਰਦੇ ਵਿੱਚ ਉੱਠਣ 'ਤੇ ਰਚਨਾ ਕਰਦੇ ਹਨ ।

ਆਪ ਦੇ ਪਾਕਿ-ਪਵਿੱਤਰ ਕਲਾਮ ਨੂੰ ਸਲਾਮ ਕਰਦਾ ਡਾ. ਮੁਹੰਮਦ ਇਕਬਾਲ ਜਿੱਥੇ ਆਪ ਨੂੰ 'ਮਰਦੇ-ਕਾਮਿਲ' ਆਖਦਾ ਹੈ,ਉੱਥੇ 'ਐਨ ਇਨਸਾਈਕਲੋਪੀਡੀਆ ਆਫ ਇਸਲਾਮ' ਦੀ ਚੌਥੀ ਜਿਲਦ ਵਿੱਚ ਆਪ ਦਾ ਸਾਰੀ ਸਿੱਖਿਆ ਦਾ ਉਪਦੇਸ਼ ਸਮਾਜਿਕ ਸਾਵਾਂਪਣ, ਵਿਸ਼ਵ ਭਾਈਚਾਰੇ ਦੀ ਸਿਰਜਣਾ ਅਤੇ ਫਿਰਕਾਪ੍ਰਸਤੀ ਤੇ ਵਹਿਮ-ਭਰਮ ਦਾ ਖਾਤਮਾ ਦੱਸਿਆ ਗਿਆ ਹੈ। ਇੱਥੇ ਬੀਬੀ ਨਾਨਕੀ ਦਾ ਪ੍ਰੇਮ, ਰਾਏ ਬੁਲਾਰ ਦੀ ਸ਼ਰਧਾ, ਭਾਈ ਲਾਲੋ ਦੀ ਕਿਰਤ, ਮਰਦਾਨੇ ਦੀ ਰਬਾਬ, ਬਾਬਾ ਬੁੱਢਾ ਜੀ ਦੀ ਦੂਰ-ਦ੍ਰਿਸ਼ਟੀ ਅਤੇ ਭਾਈ ਲਹਿਣਾ ਜੀ ਦੀ ਆਨੰਦ ਪ੍ਰੇਮ-ਭਗਤੀ ਸਤਰੰਗੀ ਪੀਂਘ ਬਣ ਕੇ ਸਦਾਚਾਰਿਕਤਾ ਅਤੇ ਅਧਿਆਤਮਿਕਤਾ ਦਾ ਅਲੌਕਿਕ ਸੰਗਮ ਪੇਸ਼ ਕਰਦੇ ਹਨ। ਇੱਥੇ ਦੁਨੀਆਂ ਦੀ ਤਾਰੀਖ਼ ਵਿੱਚ ਚੇਲੇ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦੇ ਰੂਪ ਵਿੱਚ ਸਥਾਪਿਤ ਕਰਦੇ ਹੋਏ, ਗੁਰੂ-ਚੇਲੇ ਦੀ ਵਿਚਿੱਤਰ ਪਰੰਪਰਾ ਦਾ ਆਗਾਜ਼ ਹੁੰਦਾ ਹੈ।

ਸਮੁੱਚੇ ਰੂਪ ਵਿੱਚ ਗੁਰੂ ਨਾਨਕ ਸੰਦੇਸ਼ ਕਿਰਤ ਤੇ ਕਰਮ ਦਾ, ਨੇਮ ਤੇ ਪ੍ਰੇਮ ਦਾ, ਗ੍ਰਹਿਸਤ ਤੇ ਉਦਾਸੀ ਦਾ, ਹੁਕਮ ਤੇ ਭਾਣੇ ਦਾ, ਨਾਮ ਤੇ ਭਗਤੀ ਦਾ, ਆਦਰਸ਼ ਤੇ ਯਥਾਰਥ ਦਾ, ਇਨਸਾਨ ਤੇ ਪ੍ਰਾਕਿਰਤੀ ਦਾ, ਧਰਮ ਤੇ ਕਰਮ ਦਾ ਅਤੇ ਭਗਤੀ ਤੇ ਸ਼ਕਤੀ ਦਾ ਅਤਿਅੰਤ ਸੁੰਦਰ ਤੇ ਸੰਤੁਲਿਤ ਸੁਮੇਲ ਹੈ, ਜਿਸ ਦੀ ਰੌਸ਼ਨੀ ਤੇ ਨਿੱਘ ਰਹਿੰਦੀ ਦੁਨੀਆਂ ਤੱਕ ਮਨੁੱਖੀ ਸਭਿਅਤਾ ਲਈ 'ਚਾਨਣ ਦੇ ਵਣਜਾਰੇ' ਬਣੇ ਰਹਿਣਗੇ ਅਤੇ 'ਨਾਨਕ' ਸ਼ਬਦ ਹਰ ਰਸਨਾ ਉਪਰ ਲੋਕ੍ਮੁਹਾਵਰਾ ਬਣ ਕੇ ਗੂੰਜਦਾ ਰਹੇਗਾ :

ਸਿੱਧ ਬੋਲਨਿ ਸ਼ੁਭ ਬਚਨ, ਧੰਨ ਨਾਨਕ ਤੇਰੀ ਵਡੀ ਕਮਾਈ॥
(ਵਾਰਾਂ ਭਾਈ ਗੁਰਦਾਸ)

**ਡਾ. ਗੁਰਵਿੰਦਰ ਸਿੰਘ**
**ਬੀ. ਸੀ.**
**0016048251550**
**singhnews@gmail.com**

# ਸਾਹਿਤਕ ਸਰਗਰਮੀਆਂ

## ਪੰਜਾਬ ਭਵਨ ਸਰੀ

### ਪੰਜਾਬੀ ਸਾਹਿਤ ਤੇ ਸਭਿਆਚਾਰ ਸੰਮੇਲਨ-3




ਪੰਜਾਬ ਭਵਨ ਸਰੀ ਕੈਨੇਡਾ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੂਰਬ ਨੂੰ ਸਮਰਪਿਤ ਤੀਸਰਾ ਪੰਜਾਬੀ ਸਾਹਿਤ ਤੇ ਸਭਿਆਚਾਰ ਸੰਮੇਲਨ 21 ਅਤੇ 22 ਸਤੰਬਰ 2019 ਨੂੰ ਕਰਵਾਇਆ ਗਿਆ। ਪਰਵਾਸੀ ਪੰਜਾਬੀ ਸਾਹਿਤ ਅਧਿਅਨ ਕੇਂਦਰ, ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ, ਪੰਜਾਬੀ ਅਕਾਡਮੀ ਦਿੱਲੀ ਅਤੇ ਨੈਸ਼ਨਲ ਬੁੱਕ ਟਰੱਸਟ ਦਿੱਲੀ ਇਸ ਸੰਮੇਲਨ ਦੀਆਂ ਮੁੱਖ ਸਹਿਯੋਗੀ ਧਿਰਾਂ ਸਨ। ਜਿੱਥੇ ਵਿਦਵਾਨਾਂ ਵੱਲੋਂ ਬੜੇ ਗਹਿਰ ਗੰਭੀਰ ਤੇ ਗਿਆਨ ਨਾਲ ਭਰਪੂਰ ਪਰਚੇ ਪੜ੍ਹੇ ਗਏ, ਉੱਥੇ ਪ੍ਰਸਿੱਧ ਹਸਤੀਆਂ ਦੀ ਸ਼ਮੂਲੀਅਤ ਇਸ ਸੰਮੇਲਨ ਦੀ ਵੱਡੀ ਪ੍ਰਾਪਤੀ ਰਹੀ। ਇਸ ਸੰਮੇਲਨ ਦੀ ਪ੍ਰਧਾਨਗੀ ਡਾ. ਸ. ਪ. ਸਿੰਘ (ਸਾਬਕਾ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਹੁਰਾਂ ਨੇ ਕੀਤੀ। ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿੱਚ ਪੰਜਾਬੀ ਅਕਾਡਮੀ ਦਿੱਲੀ ਦੇ ਸਕੱਤਰ ਗੁਰਭੇਜ਼ ਸਿੰਘ ਗੁਰਾਇਆ, ਪ੍ਰਸਿੱਧ ਵਿਦਵਾਨ ਡਾ. ਸਾਧੂ ਸਿੰਘ ਅਤੇ ਪੰਜਾਬ ਭਵਨ ਦੇ ਸੰਸਥਾਪਕ ਸ੍ਰੀ ਸੁਖੀ ਬਾਠ ਸੁਸ਼ੋਭਿਤ ਸਨ।

# ਪੰਜਾਬੀ ਭਵਨ ਸਰੀ ਦੀਆਂ ਸਰਗਰਮੀਆਂ



ਜਿੱਥੇ ਪੰਜਾਬੀ ਸਾਹਿਤ ਨਾਲ ਜੁੜੇ ਲੇਖਕਾਂ, ਕਵੀਆਂ, ਵਿਦਵਾਨਾਂ, ਬੁਧੀਜੀਵੀਆਂ ਅਤੇ ਸਾਹਿਤ-ਪ੍ਰੇਮੀਆਂ ਨੇ ਇਸ ਵਿਚ ਸ਼ਿਰਕਤ ਕੀਤੀ, ਉੱਥੇ ਡਾ. ਹਰਪਾਲ ਸਿੰਘ ਪਨੂੰ, ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ, (ਬਠਿੰਡਾ), ਡਾ. ਹਰਭਜਨ ਸਿੰਘ ਭਾਟੀਆ ਗੁਰੂ ਨਾਨਕ ਦੇਵ ਯੂਨੀਵਰਸਿਟੀ, (ਅੰਮ੍ਰਿਤਸਰ), ਡਾ. ਜਗਤਾਰ ਸਿੰਘ, ਪੰਜਾਬੀ ਯੂਨੀਵਰਸਿਟੀ, (ਪਟਿਆਲਾ), ਡਾ. ਵਰਿਆਮ ਸਿੰਘ ਸੰਧੂ, ਡਾ. ਪ੍ਰਿਥੀਪਾਲ ਸਿੰਘ ਸੋਹੀ, ਪ੍ਰਸਿੱਧ ਖੇਡ ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਸ਼ਾਇਰਾ ਸੁਖਵਿੰਦਰ ਅੰਮ੍ਰਿਤ, ਡਾ. ਗੁਰਮਿੰਦਰ ਸਿੱਧੂ, ਡਾ. ਬਲਦੇਵ ਖਹਿਰਾ, ਅਨੀਤਾ ਸ਼ਬਦੀਸ਼, ਸੁਰਿੰਦਰ ਗ਼ਜ਼ਲ, ਕੁਲਜੀਤ ਗ਼ਜ਼ਲ, ਮਨਜੀਤ ਸਿੰਘ ਬੋਪਾਰਾਏ, ਡਾ. ਹਰਜਿੰਦਰ ਵਾਲੀਆ, ਅਮਰੀਕ ਡੋਗਰਾ, ਦਲਜੀਤ ਸ਼ਾਹੀ, ਪ੍ਰੋ. ਮਨਜੀਤ ਸਿੰਘ ਛਾਬੜਾ, ਪ੍ਰੋ. ਸਰਬਜੀਤ ਸਿੰਘ, ਡਾ. ਹਰਗੁਣਜੋਤ ਕੌਰ, ਡਾ. ਸੁਖਵੰਤ ਹੁੰਦਲ ਆਦਿ ਵਿਦਵਾਨ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਸੰਮੇਲਨ ਦਾ ਆਰੰਭ ਤੰਤੀ ਸਾਜਾਂ ਦੇ ਵਾਦਨ ਅਤੇ ਸ਼ਮਾ ਰੌਸ਼ਨ ਕਰਨ ਨਾਲ ਹੋਇਆ।

ਸਾਜਾਂ ਦੇ ਵਾਦਨ ਨੇ ਕੈਨੇਡਾ ਵਿਚ ਪੰਜਾਬ ਹੋਣ ਦਾ ਭਰਪੂਰ ਅਹਿਸਾਸ ਕਰਵਾਇਆ। ਦੋ ਦਿਨਾਂ ਸੰਮੇਲਨ ਵਿਚ ਪੰਜਾਬੀ ਸਮਾਜ ਨੂੰ ਦਰਪੇਸ਼ ਸੱਮਸਿਆਵਾਂ ਵਿਚਾਰਨ ਲਈ ਹੇਠ ਲਿਖੇ ਵਿਸ਼ਿਆਂ ਦੀ ਚੋਣ ਕੀਤੀ ਗਈ:-

# ਪੰਜਾਬੀ ਭਵਨ ਸਰੀ ਦੀਆਂ ਸਰਗਰਮੀਆਂ



1. ਗੁਰੂ ਨਾਨਕ ਜੀ ਦੀ ਬਾਣੀ ਵਿਚ ਸਰਬ ਸਾਂਝੀਵਾਲਤਾ ਦਾ ਸੰਕਲਪ
2. ਪੰਜਾਬੀ ਸਾਹਿਤ: ਵਿਰਸਾ, ਵਰਤਮਾਨ ਤੇ ਰੁਝਾਨ
3. ਅੰਤਰਰਾਸ਼ਟਰੀ ਵਿਦਿਆਰਥੀ: ਚੁਣੌਤੀਆਂ ਤੇ ਜਿੰਮੇਵਾਰੀਆਂ
4. ਪੰਜਾਬੀ ਸਾਹਿਤ ਵਿਚ ਆਸ਼ਾਵਾਦ ਦੀ ਪ੍ਰਵਿਰਤੀ
5. ਗੁਰਮਤਿ: ਸੂਫੀਵਾਦ ਤੇ ਬੁੱਧਮਤ ਦਾ ਸਾਂਝਾ ਧਰਾਤਲ

ਉਪਰੋਕਤ ਵਿਸ਼ਿਆਂ 'ਤੇ ਵੱਖ-ਵੱਖ ਦੇਸ਼ਾਂ ਤੋਂ ਆਏ ਵਿਦਵਾਨਾਂ ਤੇ ਸਾਹਿਤਕਾਰਾਂ ਨੇ ਬੜੀ ਗਹਿਰ ਗੰਭੀਰ ਵਿਚਾਰ ਚਰਚਾ ਕੀਤੀ। ਸੰਮੇਲਨ ਦੌਰਾਨ



# ਪੰਜਾਬੀ ਭਵਨ ਸਰੀ ਦੀਆਂ ਸਰਗਰਮੀਆਂ



ਉੱਘੇ ਨਾਵਲਕਾਰ ਜਰਨੈਲ ਸਿੰਘ ਸੇਖਾ ਨੂੰ ਸ. ਅਰਜਨ ਸਿੰਘ ਯਾਦਗਾਰੀ ਐਵਾਰਡ, ਡਾ. ਪ੍ਰਿਥੀਪਾਲ ਸਿੰਘ ਸੋਹੀ ਨੂੰ ਅਰਦਮਨ ਸਿੰਘ ਦਿਲਬਰ ਨੂਰਪੁਰੀ ਐਵਾਰਡ ਅਤੇ ਮਨਜੀਤ ਸਿੰਘ ਬੋਪਾਰਾਏ ਆਸਟਰੇਲੀਆ ਨੂੰ ਪੰਜਾਬ ਭਵਨ ਵਲੋਂ ਪ੍ਰਸਿੱਧ ਸਮਾਜ-ਸੇਵੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨੈਸ਼ਨਲ ਬੁੱਕ ਟਰਸੱਟ, ਨਵੀਂ ਦਿੱਲੀ ਦੇ ਸਹਿਯੋਗ ਨਾਲ ਵਿਸ਼ਾਲ ਪੁਸਤਕ ਮੇਲਾ ਵੀ ਲਗਾਇਆ ਗਿਆ। ਦੋਨੋ ਦਿਨ ਚਲੇ ਕਵੀ ਦਰਬਾਰ ਤੇ ਅਨੀਤਾ ਸ਼ਬਦੀਸ਼ ਦੇ ਨਾਟਕਾਂ ਨੂੰ ਸਰੋਤਿਆਂ ਨੇ ਭਰਪੂਰ ਹੁੰਗਾਰਾ ਦਿੱਤਾ।

ਪੰਜਾਬ ਭਵਨ ਵਿਚ ਸ. ਜਰਨੈਲ ਸਿੰਘ ਆਰਟਿਸਟ ਦੀ ਦੇਖ ਰੇਖ ਹੇਠ ਲਾਈ ਗਈ, ਪੰਜਾਬੀ ਚਿੱਤਰਕਾਰਾਂ ਦੀ ਚਿੱਤਰ ਪ੍ਰਦਰਸ਼ਨੀ, ਦਰਸ਼ਕਾਂ ਦੀ ਖਾਸ ਖਿੱਚ ਦਾ ਕਾਰਨ ਬਣੀ ਰਹੀ। ਇਸ ਸੰਮੇਲਨ ਦੇ ਨਤੀਜੇ ਤਾਂ ਭਵਿੱਖ ਦੱਸੇਗਾ ਪਰ ਸੰਮੇਲਨ ਦੇਖ ਕੇ ਆਏ ਦਰਸ਼ਕਾਂ ਅਤੇ ਸਰੋਤਿਆਂ ਵਲੋਂ ਮਿਲੇ ਹੁੰਗਾਰੇ ਤੋਂ ਇਕ ਗੱਲ ਤਾਂ ਪ੍ਰਤੱਖ ਹੈ ਕਿ ਤੀਜਾ ਸਾਹਿਤਕ ਸੰਮੇਲਨ ਕੈਨੇਡਾ (ਸਰੀ) ਵਿਖੇ ਆਪਣੀਆਂ ਅਮਿੱਟ ਪੈੜਾਂ ਛਡ ਗਿਆ ਹੈ। ਪੰਜਾਬ ਭਵਨ ਦੇ ਸੰਸਥਾਪਕ ਸ੍ਰੀ ਸੁਖੀ ਬਾਠ ਨੇ ਇਸ ਸੰਮੇਲਨ ਦੀ ਸਫ਼ਲਤਾ ਲਈ ਦੁਨੀਆ ਭਰ ਦੀ ਫੇਰੀ ਪਾ ਕੇ ਪੰਜਾਬੀ ਸਾਹਿਤਕਾਰਾਂ, ਵਿਦਵਾਨਾਂ ਤੇ ਬੁੱਧੀਜੀਵੀਆਂ ਨੂੰ ਇਕ ਮੰਚ ਤੇ ਲਿਆਉਣ ਦਾ ਅਣਥੱਕ ਯਤਕ ਕੀਤਾ ਹੈ। ਅਮਰੀਕ ਪਲਾਹੀ, ਕੁਲਵਿੰਦਰ ਸ਼ੇਰਗਿਲ, ਜਗਜੀਤ ਪੰਜੋਲੀ ਅਤੇ ਕਵਿੰਦਰ ਚਾਂਦ ਦਾ ਵੀ ਇਸ ਸੰਮੇਲਨ ਨੂੰ ਸਫ਼ਲ ਬਣਾਉਣ ਵਿਚ ਵਿਸ਼ੇਸ਼ ਯੋਗਦਾਨ ਹੈ।

# ਪੰਜਾਬੀ ਭਵਨ ਸਰੀ ਦੀਆਂ ਸਰਗਰਮੀਆਂ



ਧੰਨਵਾਦੀ ਭਾਸ਼ਣ ਵਿਚ ਸ੍ਰੀ ਸੁੱਖੀ ਬਾਠ ਨੇ 22 ਤੇ 23 ਅਗਸਤ, 2020 ਨੂੰ ਨਵੇਂ ਵਿਸ਼ਿਆਂ ਉੱਪਰ ਨਵੀਂ ਨੁਹਾਰ ਨਾਲ ਸੰਮੇਲਨ ਕਰਾਉਣ ਦਾ ਐਲਾਨ ਵੀ ਕੀਤਾ। ਜ਼ਿਕਰਯੋਗ ਹੈ ਕਿ ਵਿਸ਼ਵ ਭਰ ਦੀਆਂ ਲੇਖਕ ਸੰਸਥਾਵਾਂ, ਜਿਨ੍ਹਾਂ ਵਿਚ ਇਪਸਾ ਆਸਟਰੇਲੀਆ, ਸਾਹਿਤ ਸੁਰ ਸੰਗਮ ਇਟਲੀ, ਪੰਜਾਬੀ ਅਕਾਡਮੀ ਦਿੱਲੀ, ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਮੋਢੇ ਨਾਲ ਮੋਢਾ ਜੋੜ ਕੇ ਚਲ ਰਹੇ ਪੰਜਾਬ ਭਵਨ ਸਰੀ ਦੀਆਂ ਗਤੀਵਿਧੀਆਂ ਵੇਖ ਕੇ ਹੋਰ ਵੀ ਕਈ ਵੱਡੇ ਅਦਾਰਿਆਂ ਦਾ ਇਸ ਨਾਲ ਜੁੜਨਾ ਨਿਰਤੰਰ ਜਾਰੀ ਹੈ।



# ਪੰਜਾਬੀ ਭਵਨ ਸਰੀ ਦੀਆਂ ਸਰਗਰਮੀਆਂ

## ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦਾ ਡੈਲੀਗੇਸ਼ਨ



21-22 ਸਤੰਬਰ 2019 ਨੂੰ ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਰਗਰਮੀਆਂ ਦੇ ਕੇਂਦਰ ਪੰਜਾਬ ਭਵਨ ਸਰੀ ਕੈਨੇਡਾ ਵਿਖੇ ਹੋਈ ਤੀਸਰੀ ਸਾਲਾਨਾ ਅੰਤਰਰਾਸ਼ਟਰੀ ਕਾਨਫ਼ਰੰਸ ਵਿਚ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਤੋਂ ਚਾਰ ਮੈਂਬਰਾਂ ਦੇ ਵਫ਼ਦ ਨੇ ਸ਼ਿਰਕਤ ਕੀਤੀ। ਜਿਸ ਵਿਚ ਡਾ. ਸ. ਪ. ਸਿੰਘ ਆਨਰੇਰੀ ਜਨਰਲ ਸਕੱਤਰ, ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਤੇ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪ੍ਰੋ. ਮਨਜੀਤ ਸਿੰਘ ਛਾਬੜਾ, ਡਾਇਰੈਕਟਰ ਗਜਰਾਂਵਾਲਾ ਗੁਰੂ ਨਾਨਕ ਇੰਸਟੀਚੀਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ, ਪ੍ਰੋ. ਸਰਬਜੀਤ ਸਿੰਘ, ਸਾਬਕਾ ਮੁੱਖੀ ਪੰਜਾਬੀ ਵਿਭਾਗ ਅਤੇ ਡਾ. ਹਰਗੁਣਜੋਤ ਕੌਰ ਪ੍ਰੋ. ਅੰਗਰੇਜੀ ਵਿਭਾਗ ਸ਼ਾਮਿਲ ਸਨ। ਡਾ. ਸ. ਪ. ਸਿੰਘ ਜੀ ਨੇ ਆਪਣੇ ਕਰ ਕਮਲਾਂ ਨਾਲ ਇਸ ਅੰਤਰਰਾਸ਼ਟਰੀ ਕਾਨਫ਼ਰੰਸ ਦਾ ਉਦਘਾਟਨ ਕੀਤਾ। ਗੁਰੂ ਨਾਨਕ ਬਾਣੀ ਵਿਚ ਸਰਬ ਸਾਂਝੀਵਾਲਤਾ ਦੇ ਸੰਕਲਪ ਵਿਸ਼ੇ 'ਤੇ ਜਿੱਥੇ ਦੂਸਰੇ ਦੇਸ਼ਾਂ ਤੋਂ ਆਏ ਬੁੱਧੀਜੀਵੀਆਂ ਤੇ ਸਾਹਿਤਕਾਰਾਂ ਨੇ ਵਿਚਾਰ ਚਰਚਾ ਕੀਤੀ, ਉੱਥੇ ਪ੍ਰੋ. ਮਨਜੀਤ ਸਿੰਘ ਛਾਬੜਾ, ਪ੍ਰੋ. ਸਰਬਜੀਤ ਸਿੰਘ ਤੇ ਡਾ. ਹਰਗੁਣਜੋਤ ਕੌਰ ਨੇ ਵੀ ਬੜੇ ਹੀ ਭਾਵਪੂਰਤ ਤੇ ਪ੍ਰਭਾਵਸ਼ਾਲੀ ਢੰਗ ਨਾਲ ਵਿਚਾਰ ਵਟਾਂਦਰਾ ਕੀਤਾ। ਜ਼ਿਕਰਯੋਗ ਹੈ ਕਿ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਇਸ ਅੰਤਰਰਾਸ਼ਟਰੀ ਕਾਨਫ਼ਰੰਸ ਦੀ ਸਹਿਯੋਗੀ ਸੰਸਥਾ ਹੈ। ਕਾਲਜ ਦੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਤੇ ਪੰਜਾਬ ਭਵਨ ਸਰੀ ਵਿਚਕਾਰ 2017 ਨੂੰ ਪਰਸਪਰ ਸਾਂਝ ਦਸਤਾਵੇਜ ਦਸਤਖਤ ਹੋਇਆ ਸੀ। ਜਿਸ ਤਹਿਤ ਦੋਵੇਂ ਸੰਸਥਾਵਾਂ ਪਰਵਾਸੀ ਪੰਜਾਬੀ ਸਾਹਿਤ ਤੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਹਿੱਤ ਵਚਨਬੱਧ ਹਨ।

## ਪੰਜਾਬੀ ਭਵਨ ਸਰੀ ਦੀਆਂ ਸਰਗਰਮੀਆਂ

### ‘ਬੱਲੇ ਪੰਜਾਬ’ ਮੈਗਜ਼ੀਨ ਰਿਲੀਜ



‘ਬੱਲੇ ਪੰਜਾਬ’ ਮੈਗਜ਼ੀਨ ਦਾ ‘ਸਰੀ ਵਿਸ਼ੇਸ਼’ ਅੰਕ ਰਿਲੀਜ਼ ਕਰਦੇ ਹੋਏ ਡਾ. ਸ. ਪ. ਸਿੰਘ, ਸ੍ਰ. ਗੁਰਭੇਜ ਸਿੰਘ ਗੁਰਾਇਆ, ਪ੍ਰਿੰ. ਸਰਵਣ ਸਿੰਘ, ਸ੍ਰੀ ਸੁੱਖੀ ਬਾਠ, ਕਵਿੰਦਰ ਚਾਂਦ, ਡਾ. ਹਰਿਭਜਨ ਸਿੰਘ ਭਾਟੀਆ, ਸੁਰਿੰਦਰ ਗੀਤ ਅਤੇ ਡਾ. ਸਾਧੂ ਸਿੰਘ ।

### ਡਾ. ਨਰੇਸ਼ ਕੁਮਾਰ ਦੀ ਪੁਸਤਕ ‘ਕਲਾਮ ਮੇਲਾ ਰਾਮ ਤਾਇਰ’ ਰਿਲੀਜ਼



## ਪੰਜਾਬੀ ਭਵਨ ਸਰੀ ਦੀਆਂ ਸਰਗਰਮੀਆਂ

# ਗੁਰਭਜਨ ਗਿੱਲ ਦੇ ਗ਼ਜ਼ਲ ਸੰਗ੍ਰਹਿ 'ਰਾਵੀ' ਦਾ ਦੂਜਾ ਐਡੀਸ਼ਨ ਲੋਕ ਅਰਪਣ




ਵੈਨਕੂਵਰ ਵਿਚਾਰ ਮੰਚ ਵੱਲੋਂ ਪੰਜਾਬ ਭਵਨ, ਸਰੀ (ਕੈਨੇਡਾ) ਦੇ ਸਾਂਝੇ ਉੱਦਮ ਨਾਲ ਗੁਰਭਜਨ ਗਿੱਲ ਦੇ ਪੰਜਵੇਂ ਗ਼ਜ਼ਲ ਸੰਗ੍ਰਹਿ 'ਰਾਵੀ' ਦਾ ਦੂਜਾ ਸੰਸਕਰਣ ਸਰੀ (ਕੈਨੇਡਾ) ਵਿਖੇ ਲੋਕ ਅਰਪਣ ਕੀਤਾ ਗਿਆ। ਵੈਨਕੂਵਰ ਵਿਚਾਰ ਮੰਚ ਦੇ ਮੁੱਖ ਪ੍ਰਬੰਧਕ ਅੰਗਰੇਜ਼ ਸਿੰਘ ਬਰਾੜ ਨੇ ਸਮਾਗਮ ਦੀ ਸ਼ੁਰੂਆਤ 'ਚ ਆਏ ਲੇਖਕਾਂ ਤੇ ਮਹਿਮਾਨਾਂ ਦਾ ਸਵਾਗਤ ਕੀਤਾ। ਪੰਜਾਬੀ ਕਵੀ ਤੇ ਗੁਰਭਜਨ ਗਿੱਲ ਦੇ ਸਹਿਪਾਠੀ ਮੋਹਨ ਗਿੱਲ (ਡੇਹਲੋਂ) ਨੇ ਲੇਖਕ ਤੇ ਪੁਸਤਕ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਗੁਰਭਜਨ ਦੀ 14ਵੀਂ ਕਾਵਿ ਪੁਸਤਕ ਹੈ ਪਰ ਹਰ ਧੁਖਦਾ ਪਿੰਡ ਮੇਰਾ ਹੈ, ਮਨ ਦੇ ਬੂਹੇ ਬਾਰੀਆਂ, ਗੁਲਨਾਰ, ਮਿਰਗਾਵਲੀ ਤੋਂ ਬਾਅਦ ਰਾਵੀ ਪੰਜਵਾਂ ਗ਼ਜ਼ਲ ਸੰਗ੍ਰਹਿ ਹੈ। ਕਿਸੇ ਕਿਤਾਬ ਦਾ ਦੋ ਸਾਲਾਂ ਅੰਦਰ ਦੂਜਾ ਐਡੀਸ਼ਨ ਛਪਣਾ ਚੰਗੀ ਗੱਲ ਹੈ। ਵਰਨਣ ਯੋਗ ਗੱਲ ਇਹ ਹੈ ਕਿ ਇਸ ਕਿਤਾਬ ਦਾ ਪਹਿਲਾ ਐਡੀਸ਼ਨ ਵੀ 2017 'ਚ ਪੰਜਾਬ ਭਵਨ ਦੀ ਪਹਿਲੀ ਵਰ੍ਹੇਗੰਢ ਵੇਲੇ ਸੁੱਖੀ ਬਾਠ, ਡਾ. ਸੁਰਜੀਤ ਪਾਤਰ, ਡਾ. ਵਰਿਆਮ ਸਿਘ ਸੰਧੂ, ਪ੍ਰਿੰ. ਸਰਵਣ ਸਿੰਘ, ਡਾ. ਰਘਬੀਰ ਸਿੰਘ ਸਿਰਜਣਾ, ਡਾ. ਸਾਧੂ ਸਿੰਘ ਤੇ ਕਵਿੰਦਰ ਚਾਂਦ ਨੇ ਲੋਕ ਅਰਪਣ ਕੀਤਾ ਸੀ।

# ਗੁਰਮੀਤ ਕੌਰ ਸੰਧਾ ਦੀ ਪੁਸਤਕ 'ਚਾਨਣ ਦੇ ਹਸਤਾਖ਼ਰ' ਲੋਕ ਅਰਪਣ



ਸਾਹਿਤ ਸਭਾ ਸਰੀ ਦੀ ਮਹੀਨਾਵਾਰ ਇਕਤਰਤਾ ਵਿਚ ਪੰਜਾਬੀ ਦੀ ਬਹੁ-ਪੱਖੀ ਲੇਖਕਾ, ਗੁਰਮੀਤ ਕੌਰ ਸੰਧਾ ਦਾ ਪਲੇਠਾ ਗ਼ਜ਼ਲ-ਸੰਗ੍ਰਹਿ 'ਚਾਨਣ ਦੇ ਹਸਤਾਖ਼ਰ ਲੋਕ ਅਰਪਣ ਕੀਤਾ ਗਈ।




ਨਕਸ਼ਦੀਪ ਪੰਜਕੋਹਾ ਵਲੋਂ ਰਚਿਤ ਕਾਵਿ ਸੰਗ੍ਰਹਿ 'ਰਾਤ ਦੀ ਕੁੱਖ' ਵਿਚਲੀਆਂ ਤਕਰੀਬਨ ਬਹੁਤੀਆਂ ਕਵਿਤਾਵਾਂ ਪਿਛਲੇ ਦਹਾਕਿਆਂ ਵਿੱਚ ਲਿਖਿਆਂ ਗਈਆਂ ਸਨ; ਇਨ੍ਹਾਂ ਦੇ ਵਿਸ਼ੇ ਹਨ: ਔਰਤ ਪ੍ਰਤੀ ਮਰਦ ਦਾ ਗੰਦਾ ਵਤੀਰਾ, ਟਕੇ ਟਕੇ ਲਈ ਵਿਕਦੇ ਲੀਡਰ, ਧਰਮ ਨੂੰ ਗੋਰਖਧੰਦਾ ਬਣਾਉਣ ਵਾਲੇ ਲੋਕ, ਪੈਸੇ ਲਈ ਇਮਾਨ ਵੇਚਣ ਵਾਲੇ ਅੱਧੇ ਪੌਣੇ ਲੋਕ, ਸਿਰ ਤਲੀ ਉੱਤੇ ਧਰਕੇ ਵਿਚਰਨ ਵਾਲੇ ਯੋਧੇ ਆਦਿ।

# ਪ੍ਰਭਜੋਤ ਕੌਰ ਸਿੰਘ ਦੀ ਨਵੇਕਲੀ ਪੁਸਤਕ 'ਇਕ ਸੀ ਚਿੜੀ' ਸਰੀ 'ਚ ਰਿਲੀਜ਼



ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਦੀ ਪੋਤਰੀ ਪ੍ਰਭਜੋਤ ਕੌਰ ਸਿੰਘ ਦੁਆਰਾ ਦੋ ਭਾਸ਼ਾਵਾਂ (ਪੰਜਾਬੀ ਤੇ ਅੰਗਰੇਜ਼ੀ) ਵਿਚ ਰਚਿਤ ਨਿਵੇਕਲੀ ਪੁਸਤਕ 'ਇਕ ਸੀ ਚਿੜੀ, ਜਿਸ ਦਾ ਨਾਂਅ ਸੀ ਚੂਈ' ਰਿਲੀਜ਼ ਕਰਨ ਲਈ ਬੰਬੇ ਬੈਂਕੁਇਟ ਹਾਲ ਸਰੀ ਵਿਖੇ ਸਮਾਗਮ ਕਰਵਾਇਆ ਗਿਆ। ਜਿਸ ਦੀ ਪ੍ਰਧਾਨਗੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਾਬਕਾ ਉਪ-ਕੁਲਪਤੀ ਡਾ. ਸ. ਪ. ਸਿੰਘ ਨੇ ਕੀਤੀ। ਸਾਧੂ ਬਿਨਿੰਗ, ਬਲਵੰਤ ਸਿੰਘ ਸੰਘੇੜਾ, ਪੰਜਾਬੀ ਅਧਿਆਪਕਾ ਅਮਨਦੀਪ ਛੀਨਾ ਅਤੇ ਵਿਦਿਆਥਣ ਨੰਦਨੀ ਕੌਸ਼ਲ ਵੀ ਮੰਚ 'ਤੇ ਸੁਸ਼ੋਭਿਤ ਸਨ। ਸਟੇਜ਼ ਸਕੱਤਰ ਦੀ ਜ਼ਿੰਮੇਵਾਰੀ ਵਿਦਿਆਰਥਣ ਕਰਮਨ ਗਿੱਲ ਨੇ ਨਿਭਾਈ ਅਤੇ ਫਿਰ ਪੁਸਤਕ ਦੀ ਲੇਖਕਾ ਪ੍ਰਭਜੋਤ ਕੌਰ ਸਿੰਘ ਨੇ ਸਭ ਦਾ ਸਵਾਗਤ ਕਰਦਿਆਂ ਇਸ ਪੁਸਤਕ ਦੇ ਹੋਂਦ ਵਿਚ ਆਉਣ ਦੀ ਦਿਲਚਸਪ ਕਹਾਣੀ ਸਾਂਝੀ ਕੀਤੀ। ਪ੍ਰਭਜੋਤ ਨੇ ਚਿੱਤਰਕਾਰ ਜਰਨੈਲ ਸਿੰਘ ਆਰਟਿਸਟ ਵਲੋਂ ਇਸ ਪੁਸਤਕ ਨੂੰ ਬਹੁਤ ਹੀ ਖ਼ੂਬਸੂਰਤ ਚਿੱਤਰਾਂ ਨਾਲ ਸੁਚਿੱਤਰ ਬਣਾਉਣ ਲਈ ਉਨ੍ਹਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਪੁਸਤਕ ਬਾਰੇ ਬੋਲਦਿਆਂ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਪ੍ਰਭਜੋਤ ਕੌਰ ਸਿੰਘ ਦੇ ਬਚਪਨ ਬਾਰੇ ਅਤੇ ਕਿਤਾਬਾਂ ਨਾਲ ਜੁੜਨ ਸਬੰਧੀ ਸਮੁੱਚੀ ਕਹਾਣੀ ਵਿਸਥਾਰ ਨਾਲ ਸਾਂਝੀ ਕੀਤੀ। ਜਰਨੈਲ ਸਿੰਘ ਆਰਟਿਸਟ ਨੇ ਕਿਹਾ ਕਿ ਇਹ ਪੁਸਤਕ ਬਹੁਤ ਹੀ ਦਿਲਚਸਪ ਵਾਰਤਾਲਾਪ ਹੈ। ਸ਼ਾਇਰ ਮੋਹਨ ਗਿੱਲ ਨੇ ਪੁਸਤਕ ਵਿੱਚੋਂ ਕਈ ਹਵਾਲੇ ਦਿੰਦਿਆਂ ਦੱਸਿਆ ਕਿ ਇਸ ਪੁਸਤਕ ਵਿਚ ਹਰ ਵਰਗ ਦੇ ਪਾਠਕ ਲਈ ਬਹੁਤ ਹੀ ਦਿਲਕਸ਼ ਸਮਗਰੀ ਹੈ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਸਮਾਗਮ, ਵਿਕਟੋਰੀਆ



ਪੰਜਾਬੀ ਸਾਹਿਤ ਸਭਾ, ਵਿਕਟੋਰੀਆ (ਕੈਨੇਡਾ) ਵਲੋਂ ਇਕ ਸਮਾਗਮ ਆਯੋਜਿਤ ਕੀਤਾ ਗਿਆ ਜਿਸ ਵਿਚ 'ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼' ਵਿਸ਼ੇ ਉੱਪਰ ਬੜੀ ਗੰਭੀਰ ਚਰਚਾ ਹੋਈ। ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਡਾ. ਹਰਭਜਨ ਸਿੰਘ ਭਾਟੀਆ ਪ੍ਰੋ. ਗੁਰੂ ਨਾਨਕ ਦੇਵ ਯੂਨੀਵਰਸਿਟੀ ਜੀ ਨੇ ਸਭਾ ਦੇ ਵਿਸ਼ੇਸ਼ ਸਦੇ 'ਤੇ ਇਸ ਸਮਾਗਮ ਵਿਚ ਸ਼ਿਰਕਤ ਕੀਤੀ। ਸ. ਜਗੀਰ ਸਿੰਘ ਵਿਰਕ ਹੁਰਾਂ ਦੀ ਸੁਪਤਨੀ ਅਤੇ ਡਾ. ਰਣਜੀਤ ਸਿੰਘ ਸੰਧੂ ਜੀ ਵੱਲੋਂ ਇਸ ਸਮਾਗਮ ਦਾ ਆਯੋਜਨ ਕੀਤਾ ਗਿਆ ਸੀ। ਇਸ ਸਮਾਗਮ ਵਿਚ ਬਾਬਾ ਨਾਨਕ ਦੀ ਬਾਣੀ ਦੇ ਸਰੋਕਾਰਾਂ, ਪੈਗਾਮ ਅਤੇ ਪ੍ਰਸੰਗਿਕਤਾ ਬਾਰੇ ਨਿੱਠ ਕੇ ਵਿਚਾਰ ਚਰਚਾ ਹੋਈ। ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਤੋਂ ਇਲਾਵਾ ਗੁਰੂ ਜੀ ਦੇ ਸਰਬਤ ਦੇ ਭਲੇ ਦਾ ਸੰਦੇਸ਼ ਅਤੇ ਬਾਕੀ ਸਰੋਕਾਰਾਂ ਨੂੰ ਵੀ ਉਭਾਰਿਆ ਗਿਆ। ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਅਤੇ ਗੋਸ਼ਟਾਂ 'ਤੇ ਵੀ ਚਰਚਾ ਕੀਤੀ ਗਈ। ਸਮੁੱਚੀ ਵਿਚਾਰ ਚਰਚਾ ਇਤਿਹਾਸ, ਤੁਲਨਾ ਅਤੇ ਨਾਨਕ ਬਾਣੀ ਦੇ ਮੌਲਕ ਢਾਂਚੇ ਦੇ ਇਰਦ ਗਿਰਦ ਘੁੰਮਦੀ ਰਹੀ। ਇਸ ਸਮਾਗਮ ਵਿਚ ਹਾਜ਼ਰ ਸਰੋਤਿਆਂ ਵਿਚ ਗੁਰੂ ਨਾਨਕ ਦੇਵ ਜੀ ਦੇ ਪੈਗਾਮ ਬਾਰੇ, ਉਨ੍ਹਾਂ ਦੀ ਬਾਣੀ ਬਾਰੇ ਬੜਾ ਉਤਸ਼ਾਹ ਸੀ, ਜਗਿਆਸਾ ਸੀ, ਨਵਾਂ ਕੁਝ ਜਾਨਣ ਦੀ ਤਲਬ ਸੀ। ਉਨ੍ਹਾਂ ਨੇ ਵਰਤਮਾਨ ਦੀ ਸੂਰਤੇ ਹਾਲ ਸੰਬੰਧੀ ਵੀ ਬੜੇ ਉਤਸਕਤਾ ਦਿਖਾਈ, ਸਵਾਲ ਕੀਤੇ, ਜਿਨ੍ਹਾਂ ਦੇ ਡਾ. ਸ. ਪ. ਸਿੰਘ ਜੀ ਤੇ ਡਾ. ਹਰਿਭਜਨ ਸਿੰਘ ਭਾਟੀਆ ਜੀ ਨੇ ਬੜੇ ਤਸਲੀਬਖ਼ਸ਼ ਜਵਾਬ ਦਿਤੇ।




ਇਨ੍ਹਾਂ ਦਾ ਮਕਸਦ ਵੀ ਸੀ ਕਿ ਸਰੋਤਿਆਂ ਦੇ ਮਨਾਂ ਅੰਦਰ ਨਵੇਂ-ਨਵੇਂ ਤੇ ਪ੍ਰਸੰਗਿਕ ਸਵਾਲ ਬੀਜੇ ਜਾਣ। ਡਾ. ਸ. ਪ. ਸਿੰਘ ਹੁਰਾਂ ਨੇ ਆਪਣੇ ਅਨੁਭਵ ਅਤੇ ਗਿਆਨ ਦੇ ਸੰਜੋਗ ਨਾਲ ਆਪਣੇ ਇਸ ਮਕਸਦ ਵਿਚ ਕਾਮਯਾਬੀ ਵੀ ਹਾਸਿਲ ਕੀਤੀ, ਸਚਮੁੱਚ ਇਹ ਸਮਾਗਮ ਬੜਾ ਹੀ ਯਾਦਗਾਰੀ ਤੇ ਸਫਲ ਰਿਹਾ।

## ਪਰਵਾਸੀ ਪੰਜਾਬੀ ਸਾਹਿਤ ਅਧਿਅਨ ਕੇਂਦਰ, ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਵੱਲੋਂ ਤੀਸਰੀ ਅੰਤਰਰਾਸ਼ਟਰੀ ਕਾਨਫ਼ਰੰਸ

ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਅਤੇ ਪਰਵਾਸੀ ਪੰਜਾਬੀ ਸਾਹਿਤ ਅਧਿਅਨ ਕੇਂਦਰ, ਵੱਲੋਂ "ਪਰਵਾਸੀ ਪੰਜਾਬੀ ਸਾਹਿਤ: ਅਜੋਕੇ ਸੰਦਰਭ ਵਿਚ" ਵਿਸ਼ੇ ਉਤੇ ਮਿਤੀ 23-24 ਜਨਵਰੀ, 2020 ਨੂੰ ਦੋ ਰੋਜ਼ਾ ਅੰਤਰ-ਰਾਸ਼ਟਰੀ ਕਾਨਫਰੰਸ ਆਯੋਜਿਤ ਕੀਤੀ ਜਾ ਰਹੀ ਹੈ। ਆਪ ਸਭ ਨੂੰ ਇਸ ਕਾਨਫ਼ਰੰਸ ਵਿਚ ਸ਼ਿਰਕਤ ਕਰਨ ਅਤੇ ਪੇਪਰ ਪੜ੍ਹਨ ਲਈ ਸੱਦਾ ਦਿੱਤਾ ਜਾਂਦਾ ਹੈ। pgpunjabiggn@gmail.com 'ਤੇ ਅਨਮੋਲ ਲਿੱਪੀ (ਫੌਂਟ) ਵਿਚ ਪੇਪਰ ਭੇਜਣ ਦੀ ਮਿਤੀ 15 ਦਸੰਬਰ, 2019 ਹੈ। ਈ-ਮੇਲ ਕਰਦੇ ਸਮੇਂ ਆਪਣਾ ਨਵੀਨਤਮ ਸਪੰਰਕ ਨੰਬਰ, ਈ-ਮੇਲ, ਤਸਵੀਰ ਤੇ ਸਿਰਨਾਵਾਂ ਜ਼ਰੂਰ ਭੇਜਿਆ ਜਾਵੇ।

**ਸੰਪਰਕ: ਪ੍ਰੋ. ਸ਼ਰਨਜੀਤ ਕੌਰ +9195010-27522**
**ਡਾ. ਤੇਜਿੰਦਰ ਕੌਰ +9187290-80250**

# ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਗਟ ਦਿਹਾੜੇ ਨੂੰ ਸਮਰਪਿਤ ਟੋਰਾਂਟੋ ਵਿਖੇ ਅੰਤਰਰਾਸ਼ਟਰੀ ਕਾਨਫ਼ਰੰਸ




ਟੋਰਾਂਟੋ, ਕੈਨੇਡਾ ਵਿਖੇ ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਗਟ ਦਿਹਾੜੇ ਨੂੰ ਸਮਰਪਿਤ ਦੋ ਦਿਨਾਂ ਅੰਤਰਰਾਸ਼ਟਰੀ ਕਾਨਫ਼ਰੰਸ ਕਰਵਾਈ ਗਈ। ਓਂਟਾਰੀਓ ਖ਼ਾਲਸਾ ਦਰਬਾਰ ਵੱਲੋਂ ਡਿਕਸੀ ਰੋਡ ਸਥਿਤ ਗੁਰਦੁਆਰਾ ਸਾਹਿਬ ਦੇ ਮੁੱਖ ਦਰਬਾਰ ਹਾਲ ਅਤੇ ਕਾਨਫਰੰਸ ਹਾਲ ਵਿੱਚ, ਦੋਵੇਂ ਦਿਨ ਵੱਖ ਵੱਖ ਸਥਾਨਾਂ 'ਤੇ ਇਹ ਕਾਨਫਰੰਸ ਕਰਵਾਈ ਗਈ, ਜਿਸ ਲਈ ਪ੍ਰਬੰਧਕ ਤੇ ਸਮੂਹ ਵਲੰਟੀਅਰ ਵਧਾਈ ਦੇ ਪਾਤਰ ਹਨ। ਵਿਲੱਖਣਤਾ ਇਸ ਗੱਲ ਵਿੱਚ ਸੀ ਕਿ ਇਸ ਅੰਤਰਰਾਸ਼ਟਰੀ ਸ਼ਤਾਬਦੀ ਕਾਨਫਰੰਸ ਵਿੱਚ ਜਿੱਥੇ ਵਿਦਵਾਨਾਂ ਨੇ ਵੱਖ ਵੱਖ ਵਿਸ਼ਿਆਂ 'ਤੇ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਵਿਚਾਰ ਸਾਂਝੇ ਕੀਤੇ। ਉੱਥੇ ਇਸ ਮੌਕੇ 'ਤੇ ਗੁਰੂ ਨਾਨਕ ਦਰਸ਼ਨ: ਰਬਾਬ ਤੋਂ ਸਿੰਘ ਨਗਾਰ ਰਿਲੀਜ਼ ਕੀਤੀ ਗਈ। ਇਸ ਮੌਕੇ 'ਤੇ ਗੁਰੂ ਦੀਆਂ ਤਸਵੀਰਾਂ, ਨਾਨਕ ਸਾਹਿਬ ਦਾ ਚਿੰਤਨ, ਬਾਣੀ ਅਤੇ ਮੌਜੂਦਾ ਹਾਲਾਤ ਬਾਰੇ ਕੌਮਾਂਤਰੀ ਮੰਚ 'ਤੇ ਆਮ ਕਰਕੇ ਅਤੇ ਸਿੱਖ ਸਮਾਜ ਬਾਰੇ ਖਾਸ ਕਰਕੇ ਵਿਚਾਰ ਪ੍ਰਗਟਾਏ ਗਏ। ਇਹ ਕਾਨਫ਼ਰੰਸ ਸਿੱਖ ਜਗਤ ਵਿਚ ਸ਼ਤਾਬਦੀਆਂ ਮਨਾਉਣ ਦੇ ਬਿਹਤਰੀਨ ਤਰੀਕੇ ਵਜੋਂ ਸ਼ਬਦ ਗੁਰੂ ਵਿਚਾਰ ਅਤੇ ਗੋਸ਼ਟੀਆਂ ਦੇ ਰੂਪ ਵਿਚ ਸਰੋਤਿਆਂ 'ਤੇ ਅਮਿੱਟ ਪ੍ਰਭਾਵ ਛੱਡਦਿਆਂ, ਸੰਪੂਰਨ ਹੋਈ।

# ਕੈਨੇਡਾ ਵਿਚ ਛੇਵਾਂ ਢਾਹਾਂ ਸਾਹਿਤ ਪੁਰਸਕਾਰ ਸਮਾਗਮ



ਪੰਜਾਬੀ ਸਾਹਿਤ ਦੇ ਖੇਤਰ ਵਿੱਚ ਅੰਤਰਰਾਸ਼ਟਰੀ ਪੱਧਰ ‘ਤੇ ਇੱਕ ਅਜਿਹਾ ਸਾਹਿਤਕ ਇਨਾਮ ਹੈ, ਜਿਸਨੇ ਚੁੱਪ ਕਲਮਾਂ ਨੂੰ ਲਿਖਣ ਲਈ ਤੇ ਲਿਖਦੀਆਂ ਕਲਮਾਂ ਨੂੰ ਵਧੀਆ ਪੈੜ੍ਹਾਂ ਪਾਉਣ ਲਈ ਉੱਚ ਦਰਜੇ ਦਾ ਲਿਖਣ ਲਈ ਪ੍ਰੇਰਿਆ ਹੈ ਅਤੇ ਕੈਨੇਡਾ ਦੇ ਬੱਚਿਆਂ ਵਿੱਚ ਪੰਜਾਬੀ ਬੋਲਣ, ਪੜ੍ਹਨ, ਲਿਖਣ ਤੇ ਸਿੱਖਣ ਦੀ ਰੁਚੀ ਨੂੰ ਪੈਦਾ ਕੀਤਾ ਹੈ ਅਤੇ ਆਪਣੀਆਂ ਜੜ੍ਹਾਂ ਦੀ ਮਜਬੂਤੀ ਨੂੰ ਪੱਕਿਆਂ ਕਰਨ ਲਈ ਯੋਗਦਾਨ ਪਾ ਰਿਹਾ ਹੈ।ਇਸ ਵਾਰ ਦਾ ਸਮਾਗਮ ਵੀ ਪਿਛਲੇ ਸਾਲਾਂ ਦੀ ਤਰ੍ਹਾਂ ਹੀ ਯੂਨੀਵਰਸਿਟੀ ਆਫ ਬ੍ਰਿਟਿਸ਼ ਕਲੰਬੀਆ ਦੇ ਵਿਹੜੇ ਵਿੱਚ ਹੀ ਕੀਤਾ ਗਿਆ ਜਿੱਥੇ ਬਹੁਤ ਸਾਰੀਆਂ ਉੱਘੀਆਂ ਸ਼ਖਸ਼ੀਅਤਾਂ ਨੇ ਹਾਜ਼ਰੀ ਲਵਾ ਕੇ ਸਮਾਗਮ ਨੂੰ ਚਾਰ ਚੰਨ ਲਾ ਦਿੱਤੇ। ਪੰਜਾਬੀ ਕਮਿਊਨਿਟੀ ਦੀ ਜਾਣੀ ਪਛਾਣੀ ਟੀ. ਵੀ. ਹੋਸਟ ਤਰੰਨਮ ਥਿੰਦ ਨੇ ਪ੍ਰੋਗਰਾਮ ਦਾ ਆਗਾਜ਼ ਕਰਦੇ ਹੋਏ ਸਰੋਤਿਆਂ ਦਾ ਧੰਨਵਾਦ ਕੀਤਾ ਅਤੇ ਢਾਹਾਂ ਪੁਰਸਕਾਰ ਕਦੋਂ, ਕਿਉਂ ਸ਼ੁਰੂ ਹੋਇਆ ਤੇ ਅੱਜ ਕਿੱਥੇ ਪਹੁੰਚਿਆ ਹੈ, ਬਾਰੇ ਬਹੁਤ ਹੀ ਸੰਖੇਪ ਤੇ ਭਾਵਪੂਰਤ ਸ਼ਬਦਾਂ ਵਿੱਚ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਵੈਨਕੂਵਰ ਪੁਲੀਸ ਪਾਈਪ ਬੈਂਡ ਦੁਆਰਾ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸਨੇ ਕੁੱਝ ਸਮੇਂ ਲਈ ਲੋਕਾਂ ਨੂੰ ਮੰਤਰ ਮੁਗਧ ਕਰ ਦਿੱਤਾ। ਇਸ ਤੋਂ ਬਾਅਦ ਬੈਂਡ ਦੇ ਤੇ ਵੈਨਕੂਵਰ ਪੁਲੀਸ ਦੇ ਕਾਂਸਟੇਬਲ ਮੇਜਰ ਕਲ ਡੇਵਿਸ ਨੇ ਆਪਣੀ ਪੰਜਾਬ ਫੇਰੀ ਬਾਰੇ ਆਪਣੇ ਤਜ਼ਰਬੇ ਸਾਂਝੇ ਕੀਤੇ।

# ਢਾਹਾਂ ਸਾਹਿਤ ਪੁਰਸਕਾਰ



ਸਰੀ ਦੀ ਐਮ. ਐਲ. ਏ. ਜਿੰਨੀ ਸਿਮਜ਼ ਅਤੇ ਬਰਨਬੀ ਦੀ ਐਮ. ਐਲ. ਏ. ਐਨੀ ਕੰਗ ਨੇ ਆਪਣੇ ਵਿਚਾਰ ਦਿੱਤੇ ਅਤੇ ਬੀ. ਸੀ. ਦੇ ਪ੍ਰੀਮੀਅਰ ਵਲੋਂ ਭੇਜਿਆ "ਪ੍ਰੋਵਿੰਨਸ਼ੀਅਲ ਪ੍ਰੋਕਲਾਮੇਸ਼ਨ ਆਫ ਪੰਜਾਬੀ ਲਿਟਰੇਚਰ ਵੀਕ" ਸਨਮਾਨ ਮਿਸਟਰ ਬਰਜ ਢਾਹਾਂ ਨੂੰ ਭੇਂਟ ਕੀਤਾ ਗਿਆ। ਕੂੰਜੀਵਤ ਭਾਸ਼ਨ ਸਿੰਘਾਪੁਰ ਦੀ ਜੰਮਪਲ, ਨੌਜਵਾਨ ਲੇਖਿਕਾ ਬੱਲੀ ਕੌਰ ਪੁਰੇਵਾਲ ਵੱਲੋਂ ਦਿੱਤਾ ਗਿਆ, ਜਿਸਨੇ ਆਪਣੇ ਜੀਵਨ, ਸਾਹਿਤ ਤੇ ਸੰਘਰਸ਼ ਬਾਰੇ ਵਿਸਥਾਰ ਪੂਰਵਕ ਵਿਚਾਰ ਸਾਂਝੇ ਕੀਤੇ। ਉਸ ਤੋਂ ਬਾਅਦ ਢਾਹਾਂ ਪੁਰਸਕਾਰ ਦੇ ਪਾਰਟਨਰ ਸਕੂਲ ਐਲ ਏ ਮੈਥੇਸਨ ਸਰ੍ਹੀ ਦੇ ਪ੍ਰਿੰਸੀਪਲ ਮਿਸਟਰ ਪੀਟਰ ਜੋਹਨਸਨ ਅਤੇ ਕੋਸਟ ਕੈਪੀਟਲ ਬੈਂਕ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਮਿਸਟਰ ਸੈਮਸਨ ਨੇ ਆਪਣੇ ਵਿਚਾਰ ਦਿੱਤੇ ਅਤੇ 11ਵੀਂ ਤੇ 12ਵੀਂ ਜਮਾਤ ਦੇ ਬੱਚੇ, ਜੋ ਪੰਜਾਬੀ ਵਿੱਚ ਕਹਾਣੀ ਲਿਖਣ ਵਿੱਚ ਜੇਤੂ ਰਹੇ, ਉਹਨਾਂ ਨੂੰ ਢਾਹਾਂ ਅਤੇ ਸਹਿਯੋਗੀ ਸੰਪੋਂਸਰਾਂ ਵਲੋਂ ਸਰਟੀਫਿਕੇਟ ਅਤੇ 500 ਡਾਲਰ ਪ੍ਰਤੀ ਵਿਦਿਆਰਥੀ ਦਿੱਤਾ ਗਿਆ ਤਾਂ ਜੋ ਉਹਨਾਂ ਵਿੱਚ ਲਿਖਣ ਦੀ ਪ੍ਰਬਲ ਇੱਛਾ ਜਾਗੇ। ਇਹ ਕਾਰਜ ਆਧਿਆਪਕਾ ਮਿਸ ਪ੍ਰਭਜੋਤ ਸਿੰਘ ਤੇ ਮਿਸ ਐਨੀ ਓਹਾਨਾ ਦੀ ਨਿਗਰਾਨੀ ਹੇਠ ਕੀਤਾ ਗਿਆ ਸੀ। ਇਸ ਸਮੇਂ ਖੁਸ਼ੀ ਦੀ ਗੱਲ ਇਹ ਸੀ ਕਿ 33 ਵਿਦਿਆਰਥੀਆਂ ਨੇ ਇਸ ਮੁਕਾਬਲੇ ਵਿੱਚ ਹਿੱਸਾ ਲਿਆ ਸੀ ਜਿਸ ਵਿੱਚੋਂ ਅੱਠ ਬੱਚੇ, ਜੋ ਤਰਤੀਬ ਵਾਰ ਜੇਤੂ ਰਹੇ, ਹਰਕੀਰਤ ਕੌਰ ਬੁੱਟਰ, ਕਮਲਵੀਰ ਬਰਾੜ, ਹਰਮੀਨ ਗਰੇਵਾਲ ਹਰਵੀਨ ਰੋਡੇ, ਪ੍ਰਭਵੀਰ ਖੱਖ, ਤੇਜਲ ਬਦੇਸ਼ਾ, ਮਨਤੋਜ ਗਰੇਵਾਲ, ਇਸ਼ਪ੍ਰੀਤ ਧਾਲੀਵਾਲ ਸਨ। ਦੇਖਣਯੋਗ ਇਹ ਗੱਲ ਸੀ ਕਿ ਜਿੱਥੇ ਵਿਦਿਆਰਥੀਆਂ ਦੀਆਂ ਕੋਸ਼ਿਸ਼ਾਂ ਸਲਾਹੁਣਯੋਗ ਸਨ ਉੱਥੇ ਉਹਨਾਂ ਦੀਆਂ ਕਹਾਣੀਆਂ ਦੇ ਨਾਂ ਵੀ ਬਹੁਤ ਹੀ ਪ੍ਰਭਾਵਸ਼ਾਲੀ ਸਨ।

# ਢਾਹਾਂ ਸਾਹਿਤ ਪੁਰਸਕਾਰ





ਇਸ ਤੋਂ ਬਾਅਦ ਢਾਹਾਂ ਪੁਰਸਕਾਰ ਦੇ ਜੇਤੂਆਂ ਦੀ ਵਾਰੀ ਸੀ ਜਿਸ ਵਿੱਚ ਗੁਰਮੁਖੀ ਵਿੱਚੋਂ ਦੂਜੇ ਨੰਬਰ ਤੇ ਆਉਣ ਵਾਲਾ ਕਹਾਣੀ ਸੰਗ੍ਰਹਿ 'ਆਮ-ਖ਼ਾਸ' ਸਾਹਿਤਕਾਰ ਗੁਰਦੇਵ ਸਿੰਘ ਰੁਪਾਣਾ ਜੀ ਦੀ ਰਚਨਾ ਹੈ ਪਰ ਉਹ ਇਸ ਸਮੇਂ ਸਿਹਤ ਨਾ-ਸਾਜ਼ ਹੋਣ ਕਾਰਣ ਸ਼ਾਮਲ ਨਹੀਂ ਸੀ ਹੋ ਸਕੇ ਸੋ ਇਹ 10000 ਡਾਲਰ ਦਾ ਚੈੱਕ ਅਤੇ ਪਲੈਕ ਉਹਨਾਂ ਦੀ ਥਾਂ ਤੇ ਲੋਕਲ ਲੇਖਕ ਅਜਮੇਰ ਰੋਡੇ ਨੂੰ ਰੋਇਲ ਬੈਂਕ ਆਫ ਕੈਨੇਡਾ ਦੇ ਮਿਸਟਰ ਸ਼ਮੀਰ ਨੂਰ ਮੁਹੰਮਦ ਅਤੇ ਰੋਇਲ ਕੈਨੇਡੀਅਨ ਮਾਊਂਟਡ ਪੁਲੀਸ ਦੀ ਮਿਸ ਸਿੰਮੀ ਸਮਿੱਥ ਵਲੋਂ ਦਿੱਤਾ ਗਿਆ। ਦੂਸਰਾ ਸ਼ਾਹਮੁਖੀ ਪੰਜਾਬੀ ਇਨਾਮ ਲਹਿੰਦੇ ਪੰਜਾਬ ਦੇ ਲੇਖਕ ਮੁਦੱਸਰ ਬਸ਼ੀਰ ਨੂੰ ਉਹਨਾਂ ਦੇ ਨਾਵਲੈੱਟ 'ਕੌਣ' ਦੇ ਸੰਦਰਭ ਵਿੱਚ 10000 ਡਾਲਰ ਅਤੇ ਪਲੈਕ ਦਿੱਤਾ ਗਿਆ। ਜਿਸ ਨੂੰ ਸਾਊਥ ਏਸ਼ੀਅਨ ਸਟੱਡੀਜ਼ ਇੰਸਟੀਚਿਊਟ ਦੀ ਡਾਇਰੈਕਟਰ ਡਾ. ਸਤਵਿੰਦਰ ਕੌਰ ਬੈਂਸ ਅਤੇ ਮਿਸਟਰ ਸ਼ਹਿਯਾਦ ਨਜ਼ੀਰ ਖਾਨ ਵੱਲੋਂ ਭੇਂਟ ਕੀਤਾ ਗਿਆ। ਇਸੇ ਤਰ੍ਹਾਂ ਪਹਿਲੇ ਸਥਾਨ ਤੇ ਆਉਣ ਵਾਲੇ ਜੇਤੂ ਜਤਿੰਦਰ ਹਾਂਸ ਦੇ ਕਹਾਣੀ ਸੰਗ੍ਰਹਿ 'ਜਿਊਣਾ ਸੱਚ ਬਾਕੀ ਝੂਠ' ਦੀਆਂ ਕਹਾਣੀਆਂ, ਜੋ ਆਮ ਲੋਕਾਂ ਦੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣ ਕੇ ਹਰਵਕਤ ਉਹਨਾਂ ਦੇ ਨਾਲ ਨਾਲ ਵਿਚਰਦੀਆਂ ਹਨ, ਨੇ ਪ੍ਰਾਪਤ ਕੀਤਾ। ਉਹਨਾਂ ਨੂੰ 25000 ਡਾਲਰ ਦਾ ਚੈੱਕ ਅਤੇ ਪਲੈਕ ਢਾਹਾਂ ਪ੍ਰਾਈਜ਼ ਅਡਵਾਈਜ਼ਰੀ ਕਮੇਟੀ ਦੇ ਚੇਅਰ ਡਾ. ਪ੍ਰੇਮ ਮਾਨ, ਮਿਸ ਬੱਲੀ ਕੌਰ ਜਸਵਾਲ ਅਤੇ ਕੌਂਸਲ ਜਨਰਲ ਆਫ ਕੈਨੇਡਾ ਚੰਡੀਗੜ੍ਹ ਦੇ ਮਾਇ ਯੈਂਨ ਅਤੇ ਢਾਹਾਂ ਸਾਹਿਤ ਅਵਾਰਡ ਦੇ ਮੁਢਲੇ ਮੈਂਬਰ ਮਿ. ਬਰਜ ਢਾਹਾਂ ਵੱਲੋਂ ਬਹੁਤ ਹੀ ਸਨਮਾਨ ਸਹਿਤ ਭੇਂਟ ਕੀਤਾ ਗਿਆ।

**ਪਰਮਿੰਦਰ ਸਵੈਚ**

# ਸਰਗਰਮੀਆਂ ਆਸਟ੍ਰੇਲੀਆ

## ਐਡੀਲੇਡ ਵਿਚ ਜਸਵੀਰ ਸਿੰਘ ਦੀਦਾਰਗੜ੍ਹ ਦੀ ਕਿਤਾਬ 'ਪਵਣੁ ਗੁਰੂ ਪਾਣੀ ਪਿਤਾ' ਲੋਕ ਅਰਪਣ




ਪੰਜਾਬੀ ਦੇ ਉਭਰ ਰਹੇ ਹੋਣਹਾਰ ਲੇਖਕ, ਸ। ਜਸਵੀਰ ਸਿੰਘ ਦੀਦਾਰਗੜ੍ਹ, ਦੀ ਵਾਤਵਰਣ ਉਪਰ ਲਿਖੀ ਗਈ ਕਿਤਾਬ 'ਪਵਣੁ ਗੁਰੂ ਪਾਣੀ ਪਿਤਾ', ਗਿਆਨੀ ਸੰਤੋਖ ਸਿੰਘ ਦੁਆਰਾ ਲੋਕ ਅਰਪਿਤ ਕੀਤੀ ਗਈ। ਹਰੇਕ ਪੰਜਾਬੀ ਪਾਠਕ ਨੂੰ ਇਸ ਕਿਤਾਬ ਨੂੰ ਜ਼ਰੂਰ ਹੀ ਪੜ੍ਹਨਾ ਚਾਹੀਦਾ ਹੈ। ਇਸ ਨਾਲ ਪਾਠਕ ਵਾਤਵਰਨ ਸਬੰਧੀ ਗਿਆਨ ਹਾਸਲ ਕਰਕੇ, ਇਸ ਦੀ ਤਬਾਹੀ ਨੂੰ ਰੋਕਣ ਵਿਚ ਸਹਾਈ ਹੋਣਗੇ।

## ਆਸਟ੍ਰੇਲੀਆ ਵਿਚ ਦੂਸਰੇ ਭਾਰਤੀ ਸਾਹਿਤ ਉਤਸਵ ਦਾ ਆਯੋਜਨ



ਇਪਸਾ ਵਲੋਂ ਆਸਟਰੇਲੀਆ ਵਿਚ ਦੂਸਰੇ ਭਾਰਤੀ ਸਾਹਿਤ ਉਤਸਵ ਦਾ ਆਯੋਜਨ ਕੀਤਾ ਗਿਆ। ਇਸ ਤ੍ਰੈ-ਭਾਸ਼ਾਈ ਕਾਵਿ-ਸੰਮੇਲਨ ਦੀ ਪ੍ਰਧਾਨਗੀ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਵਲੋਂ ਕੀਤੀ ਗਈ। ਇਸ ਵਿਚ ਦੂਸਰਾ ਇਪਸਾ ਪੁਰਸਕਾਰ 2019 ਪ੍ਰਸਿੱਧ ਉਰਦੂ ਗ਼ਜ਼ਲਗੋ ਸ੍ਰੀ ਖੁਸ਼ਬੀਰ ਸਿੰਘ ਸ਼ਾਦ ਨੂੰ ਦਿੱਤਾ ਗਿਆ। ਇਸ ਕਾਵਿ-ਕੁੰਭ ਵਿਚ ਹਿੰਦੀ ਸ਼ਾਇਰਾ ਡਾ. ਭਾਵਨਾ ਕੁੰਵਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਉਤਸਵ ਵਿਚ ਯੁਵਾ ਸ਼ਾਇਰਾ ਮਨਦੀਪ ਔਲਖ ਦਾ ਕਾਵਿ ਸੰਗ੍ਰਹਿ 'ਮਨ ਕਸਤੂਰੀ' ਵੀ ਲੋਕ ਅਰਪਣ ਕੀਤਾ ਗਿਆ।

# ਇੰਡੋਜ਼ ਪੰਜਾਬੀ ਸਾਹਿਤ ਅਕਾਡਮੀ ਆਫ਼ ਆਸਟਰੇਲੀਆ ਵੱਲੋਂ ਪੁਸਤਕ 'ਜ਼ਿੰਦਗੀ ਅਜੇ ਬਾਕੀ ਹੈ' ਲੋਕ ਅਰਪਣ



ਇੰਡੋਜ਼ ਪੰਜਾਬੀ ਸਾਹਿਤ ਅਕਾਡਮੀ ਆਫ਼ ਆਸਟਰੇਲੀਆ ਵੱਲੋਂ ਬ੍ਰਿਸਬੇਨ ਵਿਖੇ ਇੰਡੋਜ਼ ਪੰਜਾਬੀ ਲਾਇਬਰੇਰੀ, ਇਨਾਲਾ ਵਿਖੇ ਰਿਸ਼ੀ ਗੁਲਾਟੀ ਦੀ ਨਵ-ਪ੍ਰਕਾਸ਼ਿਤ ਪੁਸਤਕ 'ਜ਼ਿੰਦਗੀ ਅਜੇ ਬਾਕੀ ਹੈ' ਲੋਕ ਅਰਪਣ ਕੀਤੀ ਗਈ। ਰਿਸ਼ੀ ਗੁਲਾਟੀ ਦੇ ਨਾਲ-ਨਾਲ ਉੱਥੇ ਉਚੇਚੇ ਤੌਰ ਤੇ ਪਹੁੰਚੇ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਸੇਵਾ ਮੁਕਤ ਪ੍ਰੋ. ਰਜਿੰਦਰ ਸਿੰਘ, ਨੂੰ ਇਪਸਾ ਵੱਲੋਂ ਇੰਡੋਜ਼ ਦੇ ਵਿਹੜੇ ਆਉਣ 'ਤੇ ਸਨਮਾਨ ਪੱਤਰ ਪ੍ਰਦਾਨ ਕੀਤਾ ਗਿਆ ।




ਸਰਬਜੀਤ ਸੋਹੀ ਸਮਕਾਲੀ ਪੰਜਾਬੀ ਕਵਿਤਾ ਵਿਚ ਜੁਝਾਰ-ਵਿਦਰੋਹੀ ਸੁਰ ਵਾਲੀ ਕਵਿਤਾ ਨੂੰ ਨਿਰੰਤਰਤਾ ਪ੍ਰਦਾਨ ਕਰਨ ਵਾਲਾ ਕਵੀ ਹੈ। ਉਹ ਆਪਣੀ ਇਸ ਪੁਸਤਕ ਵਿਚ ਨਿਰਾਸ਼ਾ ਦੇ ਰਸਾਤਲ ਵਿਚ ਗਰਕਣ ਦੀ ਬਜਾਏ ਸਧਾਰਣ ਮਨੁੱਖ ਦੇ ਲਹੂ ਵਿਚ ਮੌਲਦੇ ਉਨ੍ਹਾਂ ਗੀਤਾਂ ਦੀਆਂ ਸੁਰਾਂ ਛੇੜਨ ਦੀ ਕੋਸ਼ਿਸ਼ ਕਰਦਾ ਹੈ, ਜਿਨ੍ਹਾਂ ਵਿਚ ਜ਼ਿੰਦਗੀ ਨਾਲ ਮੁਹੱਬਤ ਬਰਕਰਾਰ ਹੈ ਅਤੇ ਜਿਨ੍ਹਾਂ ਵਿਚ ਜ਼ਿੰਦਗੀ ਨੂੰ ਸੋਹਣਾ ਬਣਾਉਣ ਦਾ ਅਹਿਦ ਹੈ।

# ਸਰਗਰਮੀਆਂ ਅਮਰੀਕਾ

## ਪੰਜਾਬੀ ਲਿਖਾਰੀ ਸਭਾ, ਸਿਆਟਲ ਦਾ ਸਾਹਿਤਕ ਸਮਾਗਮ




ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਇਕ ਸਾਹਿਤਕ ਅਤੇ ਸੱਭਿਆਚਾਰਕ ਸਮਾਗਮ ਦਾ ਆਯੋਜਨ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿੱਚ ਪੰਜਾਬ (ਇੰਡੀਆ) ਤੋਂ ਵਿਸ਼ੇਸ਼ ਤੌਰ 'ਤੇ ਇੱਥੇ ਪਹੁੰਚੀ ਸੁਖਵਿੰਦਰ ਅੰਮ੍ਰਿਤ, ਕੈਨੇਡਾ ਵੱਸਦੀ ਉੱਘੀ ਲੇਖਿਕਾ ਬਲਬੀਰ ਕੌਰ ਢਿਲੋਂ, ਇੰਦਰਜੀਤ ਧਾਮੀ, ਵੈਨਕੂਵਰ ਵਾਸ਼ਿੰਗਟਨ ਤੋਂ ਸਵਰਾਜ ਕੌਰ, ਸ਼ਿੰਗਾਰ ਸਿੰਘ ਸਿੱਧੂ ਅਤੇ ਸ੍ਰ. ਹਰਸ਼ਿੰਦਰ ਸਿੰਘ ਸੰਧੂ ਸ਼ੁਸ਼ੋਭਿਤ ਸਨ। ਪੰਜਾਬ ਭਵਨ ਸਰੀ ਕੈਨੇਡਾ ਤੋਂ ਸ੍ਰ. ਸੁੱਖੀ ਬਾਠ,ਅਤੇ ਉਹਨਾਂ ਦੀ ਧਰਮ ਪਤਨੀ ਸ੍ਰੀਮਤੀ ਸੁਖਵਿੰਦਰ ਬਾਠ ਵੀ ਸਭਾ ਦੇ ਸੰਗ ਸਨ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸਭਾ ਦੇ ਪ੍ਰਧਾਨ ਡਾ. ਜੇ. ਬੀ. ਸਿੰਘ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਸੁਰਜੀਤ ਸਿੰਘ ਬੈਂਸ ਅਤੇ ਅਵਤਾਰ ਬਿੱਲਾ ਨੇ ਮਾਹੌਲ ਨੂੰ ਸੰਗੀਤਮਈ ਬਣਾਇਆ ਤੇ ਹੋਰ ਕਈ ਕਵਿਤਾਵਾਂ ਸੁਣਾ ਕੇ ਬਲਬੀਰ ਕੌਰ ਢਿਲੋਂ ਨੇ ਰੰਗ ਬੰਨਿਆ। ਸੁਖਵਿੰਦਰ ਅੰਮ੍ਰਿਤ ਨੇ ਬਾਬਾ ਨਾਨਕ ਬਾਰੇ, ਪੰਜਾਬੀ ਭਾਸ਼ਾ ਬਾਰੇ, ਜ਼ਿੰਦਗੀ ਦੀਆਂ ਸਚਾਈਆਂ ਬਾਰੇ ਅਤੇ ਔਰਤ ਦੀਆਂ ਸੰਵੇਦਨਾਵਾਂ ਦੀ ਤਰਜਮਾਨੀ ਕਰਦੀਆਂ ਨਜ਼ਮਾਂ ਪੇਸ਼ ਕੀਤੀਆਂ। ਸਵਰਾਜ ਕੌਰ , ਅਵਤਾਰ ਸਿੰਘ ਆਦਮਪੁਰੀ, ਹਰਪਾਲ ਸਿੰਘ ਸਿੱਧੂ ਮੀਤ ਪ੍ਰਧਾਨ,ਸਾਧੂ ਸਿੰਘ ਝੱਜ ਸਹਾਇਕ ਸਕੱਤਰ, ਸੁਖਵੀਰ ਬੀਹਲਾ ਬੈਲਿੰਗਹੈਮ, ਮੰਗਤ ਕੁਲਜਿੰਦ ਸੰਪਾਦਕ ਸ਼ਬਦ ਤ੍ਰਿੰਜਣ,ਗੜਦੀਵਾਲ ਸਾਹਿਤ ਸਭਾ ਦੇ ਕਰਤਾ ਧਰਤਾ ਜਰਨੈਲ ਸਿੰਘ ਘੁੰਮਣ,ਮਨਜੀਤ ਕੌਰ ਗਿੱਲ, ਬਲਿਹਾਰ ਸਿੰਘ ਲੇਹਲ ਸਕੱਤਰ, ਪ੍ਰਿਤਪਾਲ

ਸਿੰਘ ਟਿਵਾਣਾ ਖਜ਼ਾਨਚੀ,ਗੋਲਡੀ ਭੁੱਲਰ,ਜੀਤ ਸਿੰਘ ਬਰਾੜ(ਬਠਿੰਡਾ),ਜੰਗ ਪਾਲ ਸਿੰਘ ਅਤੇ ਹਰਪ੍ਰੀਤ ਸਿੰਘ ਪ੍ਰਿੰਸ, ਨੇ ਵੱਖ ਵੱਖ ਰੰਗ ਦੀਆਂ ਕਵਿਤਾਵਾਂ ਅਤੇ ਗੀਤ ਨਿਵੇਕਲੇ ਢੰਗ ਨਾਲ ਪੇਸ਼ ਕੀਤੇ। ਸ੍ਰ. ਹਰਸ਼ਿੰਦਰ ਸਿੰਘ, ਸ੍ਰ. ਸੁੱਖੀ ਬਾਠ, ਭਾਰਤੀ ਪੰਜਾਬ ਤੋਂ ਪਹੁੰਚੇ ਸ੍ਰੀ ਰਾਕੇਸ਼ ਕ੍ਰਿਸ਼ਨ ਸ਼ਾਤੀਦੂਤ,ਸਭਾ ਦੇ ਸਲਾਹਕਾਰ ਲਾਲੀ ਸੰਧੂ, ਡਾ. ਜ. ਬੀ. ਸਿੰਘ ਨੇ ਪੰਜਾਬੀ ਭਾਸ਼ਾ,ਸਾਹਿਤਕ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਬਾਰੇ ਆਪਣੇ ਆਪਣੇ ਵਿਚਾਰ ਸਾਂਝੇ ਕੀਤੇ।ਆਏ ਹੋਏ ਮਹਿਮਾਨਾਂ ਦਾ ਸਭਾ ਵੱਲੋਂ ਸਨਮਾਨ ਕੀਤਾ ਗਿਆ। ਅੱਜ ਦੇ ਪ੍ਰੋਗਰਾਮ ਦੀ ਸ਼ੋਭਾ ਵਧਾ ਰਹੀਆਂ ਸਖਸ਼ੀਅਤਾਂ ਸੈਮ ਵਿਰਕ ਦੇ ਪਿਤਾ ਜੀ ਸ੍ਰ. ਅਮਰੀਕ ਸਿੰਘ ਵਿਰਕ, ਜਗਜੀਤ ਸਿੰਘ, ਸੁਰਜੀਤ ਸਿੰਘ ਸਿੱਧੂ, ਅਮਰ ਸਿੰਘ, ਜਸਵਿੰਦਰ ਸਿੰਘ, ਨਿਰਮਲ ਸਿੰਘ ਦੀਪਕ, ਪ੍ਰੀਤੀ, ਹਰਦੇਵ ਸਿੰਘ ਅਤੇ ਹੋਰ ਵੀ ਅਨੇਕਾਂ ਵਿਦਵਾਨ, ਬੁਧੀਜੀਵੀ ਇੱਥੇ ਪਹੁੰਚੇ ਹੋਏ ਸਨ। ਸਭਾ ਦੀ ਕਾਰਵਾਈ ਬਲਿਹਾਰ ਸਿੰਘ ਲੇਹਲ ਅਤੇ ਮੰਗਤ ਕੁਲਜਿੰਦ ਨੇ ਰਲ ਕੇ ਨਿਭਾਈ।

## ਪੰਜਾਬੀ ਲਿਖਾਰੀ ਸਭਾ (ਰਜਿ:) ਸਿਆਟਲ ਦੀ ਮੀਟਿੰਗ ਵਿੱਚ ਦੋ ਪੁਸਤਕਾਂ ਲੋਕ-ਅਰਪਣ



ਮਾਲਵੇ ਦੀ ਰੂਹ, ਪੰਜਾਬੀ ਕਵੀਸ਼ਰੀ ਦੇ ਬਾਬਾ ਬੋਹੜ ਬਾਬੂ ਰਜਬ ਅਲੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਪੰਜਾਬੀ ਲਿਖਾਰੀ ਸਭਾ(ਰਜਿ:) ਸਿਆਟਲ ਦੀ ਇਕ ਮੀਟਿੰਗ ਸੱਚਾ ਮਾਰਗ ਗੁਰਦੁਆਰਾ ਦੇ ਗੁਰਮਤਿ ਐਂਡ ਗੁਰਮੁਖੀ ਸਕੂਲ ਵਿੱਚ ਹੋਈ। ਜਿਸ ਵਿਚ ਮਰਹੂਮ ਮਹਿੰਦਰ ਸਿੰਘ ਚੀਮਾ ਦੀ 'ਏਨੇ ਕੁ ਹਨ ਸ਼ਬਦ ਮੇਰੇ' ਅਤੇ ਜੰਗ ਪਾਲ ਸਿੰਘ ਦੀ 'ਸ਼ੌਕ ਦਾ ਕੋਈ ਮੁੱਲ ਨਹੀਂ' ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ।

# ਪਰਵਾਸੀ ਪੰਜਾਬੀ ਭਾਈਚਾਰਾ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਵੱਲੋਂ 'ਰੰਗ ਦੀ ਬਾਜ਼ੀ' ਬਾਰੇ ਚਰਚਾ




ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀ ਮਾਸਿਕ ਮਿਲਣੀ ਦੌਰਾਨ ਕਹਾਣੀਕਾਰ ਅਤੇ 'ਰਾਗ' ਮੈਗਜ਼ੀਨ ਦੇ ਸੰਪਾਦਕ ਅਜਮੇਰ ਸਿੱਧੂ ਦੇ ਕਹਾਣੀ ਸੰਗ੍ਰਹਿ 'ਰੰਗ ਦੀ ਬਾਜ਼ੀ' 'ਤੇ ਵਿਚਾਰ ਚਰਚਾ ਕੀਤੀ ਗਈ। ਅਜਮੇਰ ਸਿੱਧੂ ਇਕ ਵਿਲੱਖਣ ਕਹਾਣੀਕਾਰ ਹੈ। ਉਸ ਦੀਆਂ ਪਰਵਾਸ ਬਾਰੇ ਲਿਖੀਆਂ ਕਹਾਣੀਆਂ ਪੰਜਾਬੀ ਮਨੁੱਖ ਦੀ ਮਨੋਦਸ਼ਾ ਦੀ ਮੂੰਹ ਬੋਲਦੀ ਤਸਵੀਰ ਹਨ। ਅਕੈਡਮੀ ਦੀ ਜਨਰਲ ਸਕੱਤਰ ਲਾਜ ਨੀਲਮ ਸੈਣੀ ਨੇ ਗੁਰਬਚਨ ਸਿੰਘ ਭੁੱਲਰ ਦਾ ਮੁੱਖਬੰਦ ਪੜ੍ਹਿਆ ਅਤੇ ਕਿਹਾ ਕਿ ਅਜਮੇਰ ਸਿੱਧੂ ਸਿਰਕੱਢਵਾਂ ਕਹਾਣੀਕਾਰ ਹੈ ਅਤੇ ਆਪਣਾ ਇਹ ਸਥਾਨ ਉਹਨੇ ਆਪਣੀ ਕਲਮ ਦੀ ਕਰਨੀ ਨਾਲ ਕਮਾਇਆ ਹੈ । ਪ੍ਰੋ. ਸੁਖਵਿਦਰ ਕੰਬੋਜ ਨੇ ਕਿਹਾ ਕਿ ਅਜਮੇਰ ਸਿੱਧੂ ਨੇ ਆਪਣੀਆਂ ਕਹਾਣੀਆਂ ਵਿਚ ਬੁਣਤੀ ਅਤੇ ਬਣਤਰ ਦੇ ਨਾਲ ਵਿਸ਼ਿਆਂ ਦੀ ਵੰਨ-ਸਵੰਨਤਾ ਅਤੇ ਵਿਸ਼ਿਆਂ ਨੂੰ ਪ੍ਰਤੀਕਮਈ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਹੈ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਪ੍ਰੋ. ਸੁਰਿੰਦਰ ਸੀਰਤ ਨੇ ਕਿਹਾ ਕਿ ਅੱਜ ਦੇ ਸਮੇਂ ਵਿਚ ਅਜਮੇਰ ਸਿੱਧੂ ਦੀ ਕਹਾਣੀ ਵੱਡਮੁੱਲੀ ਅਤੇ ਅਰਥ ਭਰਪੂਰ ਹੈ।ਸਮਾਗਮ ਦੌਰਾਨ ਪ੍ਰਧਾਨਗੀ ਮੰਡਲ ਵਿਚ ਪ੍ਰੋ. ਸੁਰਿੰਦਰ ਸੀਰਤ ਦੇ ਨਾਲ ਸ਼ਾਇਰ ਬਲਦੇਵ ਬਾਵਾ, ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਪ੍ਰਧਾਨ ਹਰਜਿੰਦਰ ਪੰਧੇਰ, ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਦੇ ਪ੍ਰਧਾਨ ਇੰਦਰਜੀਤ ਗਰੇਵਾਲ ਅਤੇ ਅਕੈਡਮੀ ਦੇ ਮੀਤ ਪ੍ਰਧਾਨ ਮੇਜਰ ਭੁਪਿੰਦਰ ਦਲੇਰ ਸੁਸ਼ੋਭਿਤ ਸਨ।

# ਗੁਰੂ ਨਾਨਕ ਦੇਵ ਜੀ ਕੇ 550 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਵੂਲਵਰਹੈਂਪਟਨ ਵਿਖੇ ਅੰਤਰ-ਰਾਸ਼ਟਰੀ ਕਾਨਫ਼ਰੰਸ






ਯੂਨੀਵਰਸਿਟੀ ਆਫ਼ ਵੂਲਵਰਹੈਂਪਟਨ,(ਇੰਗਲੈਂਡ) ਦੇ ਸੈਂਟਰ ਆਫ਼ ਸਿੱਖ ਐਂਡ ਪੰਜਾਬੀ ਸੱਟਡੀਜ਼ ਵਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਕ ਅੰਤਰ ਰਾਸ਼ਟਰੀ ਕਾਨਫ਼ਰੰਸ ਆਯੋਜਿਤ ਕੀਤੀ ਗਈ। ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਨੇ ਵੀ ਇਸ ਕਾਨਫ਼ਰੰਸ ਵਿਚ ਸ਼ਿਰਕਤ ਕੀਤੀ, ਜੋ ਕਾਲਜ ਦੇ ਲਈ ਬੜੇ ਮਾਣ ਵਾਲੀ ਗੱਲ ਹੈ। ਉਨ੍ਹਾਂ ਨੇ ਇਸ ਕਾਨਫ਼ਰੰਸ ਵਿਚ 'ਗੁਰੂ ਨਾਨਕ ਦੇਵ ਜੀ ਦੇ ਬਹੁਸਭਿਆਚਾਰਕ ਸਮਾਜ ਦਾ ਸਕੰਲਪ' ਵਿਸ਼ੇ 'ਤੇ ਬੜਾ ਹੀ ਭਾਵ-ਪੂਰਤ ਖੋਜ-ਪੱਤਰ ਪ੍ਰਸਤੁਤ ਕੀਤਾ, ਉੱਥੇ ਨਾਲ ਹੀ ਉਨ੍ਹਾਂ ਦੀ ਨਵ-ਪ੍ਰਕਾਸ਼ਿਤ ਪੁਸਤਕ 'Guru Nanak Enlightenment Personified' Prof. Geoff Layer, ਵਾਈਸ ਚਾਂਸਲਰ, ਯੂਨੀਵਰਸਿਟੀ ਆਫ਼ ਵੂਲਵਰਹੈਂਪਟਨ, Ms. Claire Darke, ਮੇਅਰ, ਵੂਲਵਰਹੈਂਪਟਨ ਅਤੇ ਡਾ. ਉਪਿੰਦਰਜੀਤ ਤੱਖੜ, ਡਾਇਰੈਕਟਰ, ਸੈਂਟਰ ਆਫ਼ ਸਿੱਖ ਐਂਡ ਪੰਜਾਬੀ ਸੱਟਡੀਜ਼ ਵਲੋਂ ਲੋਕ ਅਰਪਣ ਕੀਤੀ ਗਈ।

# ਸਰਗਰਮੀਆਂ ਇਟਲੀ

## ਸਾਹਿਤ ਸੁਰ ਸੰਗਮ ਸਭਾ ਵੱਲੋਂ ਗੁਰੂ ਨਾਨਕ ਜੀ ਦੇ 550 ਸਾਲਾ ਪ੍ਰਕਾਸ਼ ਦਿਵਸ ਨੂੰ ਸਮਰਪਿਤ ਸਾਹਿਤਕ ਸਮਾਗਮ




ਸਾਹਿਤ ਸੁਰ ਸੰਗਮ ਸਭਾ ਵੱਲੋਂ ਇਟਲੀ ਦੇ ਸ਼ਹਿਰ ਨੋਵੇਲਾਰਾ ਵਿਖੇ ਗੁਰੂ ਨਾਨਕ ਜੀ ਦੇ 550 ਸਾਲਾ ਪ੍ਰਕਾਸ਼ ਦਿਵਸ ਨੂੰ ਸਮਰਪਿਤ ਚੜਦੇ ਤੇ ਲਹਿੰਦੇ ਪੰਜਾਬ ਦਾ ਸਾਹਿਤਕ ਸਮਾਗਮ ਸਫ਼ਲਤਾ ਪੂਰਵਕ ਸੰਪੰਨ ਹੋਇਆ। ਇਸ ਸਮਾਗਮ ਵਿੱਚ ਲਹਿੰਦੇ ਪੰਜਾਬ ਵੱਲੋਂ ਖ਼ਾਸ ਮਹਿਮਾਨ ਵਜੋਂ ਸ਼ਾਕਿਰ ਅਲੀ ਅਮਜਦ ਪ੍ਰਧਾਨ ਪੰਚਨਾਦ ਅਦਬੀ ਤਨਜ਼ੀਮ ਜਰਮਨੀ, ਗਜ਼ੰਫਰ ਅਲੀ, ਲਾਲਾ ਜ਼ੇਬ ਨੇ ਖਾਸ ਤੌਰ ਸ਼ਿਰਕਤ ਕੀਤੀ। ਸਮਾਗਮ ਦੀ ਸ਼ੁਰੂਆਤ ਸ਼ਿਵਨੀਤ ਕੌਰ, ਸਤਵੀਰ ਸਾਂਝ, ਸਰਬਜੀਤ ਕੌਰ ਤਰਵੀਜ਼ੋ ਵੱਲੋਂ ਸਾਂਝੇ ਤੌਰ ਤੇ ਸ਼ਮਾ ਰੌਸ਼ਨ ਕੀਤੀ ਗਈ। ਜਿਸ ਤੋਂ ਬਾਅਦ ਪ੍ਰਧਾਨਗੀ ਮੰਡਲ ਵੱਲੋਂ ਉਦਘਾਟਨ ਕਰ ਕੇ ਸਮਾਗਮ ਦੀ ਅਗਲੀ ਕਾਰਵਾਈ ਆਰੰਭ ਕੀਤੀ ਗਈ। ਪ੍ਰਧਾਨਗੀ ਮੰਡਲ ਵਿੱਚ ਚੜ੍ਹਦੇ ਪੰਜਾਬ ਵੱਲੋਂ ਪ੍ਰੋ. ਜਸਪਾਲ ਸਿੰਘ ਇਟਲੀ, ਸਰਬਜੀਤ ਕੌਰ, ਸ਼ਿਵਨੀਤ ਕੌਰ, ਸਤਵੀਰ ਸਾਂਝ ਵਿਸ਼ੇਸ਼ ਮਹਿਮਾਨ ਸ਼ਾਕਿਰ ਅਲੀ ਅਮਜਦ, ਹਰਬਿੰਦਰ ਸਿੰਘ ਧਾਲੀਵਾਲ, ਬਿੰਦਰ ਕੋਲੀਆਂਵਾਲ, ਮੋਹਨ ਸਿੰਘ ਹੇਲਰਾਂ ਅਤੇ ਬਲਵਿੰਦਰ ਸਿੰਘ ਚਾਹਲ ਹਾਜ਼ਰ ਸਨ। ਗੁਰੂ ਨਾਨਕ ਜੀ ਦੇ ਜੀਵਨ ਅਤੇ ਉਹਨਾਂ ਦੇ ਫਲਸਫ਼ੇ ਉੱਪਰ ਬਹੁਤ ਵਧੀਆ ਵਿਚਾਰਾਂ ਹੋਈਆਂ, ਜਿਹਨਾਂ ਵਿੱਚ ਪ੍ਰੋ ਜਸਪਾਲ ਸਿੰਘ ਇਟਲੀ, ਸ਼ਾਕਿਰ ਅਲੀ ਅਮਜਦ, ਲਾਲਾ ਜ਼ੇਬ, ਬਲਵਿੰਦਰ ਸਿੰਘ ਚਾਹਲ, ਸਰਬਜੀਤ ਕੌਰ, ਸਤਵੀਰ ਸਾਂਝ, ਚਤਿੰਦਰਾਲ ਸਿੰਘ ਬਿਲਗਾ ਅਤੇ ਬਿੰਦਰ ਕੋਲੀਆਂਵਾਲ ਨੇ ਪਰਚੇ ਪੜੇ। ਇਸ ਤੋਂ ਬਾਅਦ ਗੁਰੂ ਨਾਨਕ ਜੀ ਨੂੰ ਸਮਰਪਿਤ ਕਵੀ ਦਰਬਾਰ ਦਾ

ਆਯੋਜਨ ਕੀਤਾ ਗਿਆ। ਜਿਸ ਵਿੱਚ ਰਾਣਾ ਅਠੌਲਾ, ਸ਼ਾਕਿਰ ਅਲੀ ਅਮਜਦ, ਲਾਲਾ ਜ਼ੇਬ, ਅਲੀ ਗਜੰਫਰ, ਨਿਰਵੈਲ ਸਿੰਘ, ਮੇਜਰ ਸਿੰਘ ਖੱਖ, ਦਲਜਿੰਦਰ ਰਹਿਲ, ਦਿਲਬਾਗ ਖਹਿਰਾ, ਸਤਵੀਰ ਸਾਂਝ, ਸ਼ਿਵਨੀਤ ਕੌਰ ਬਰਾੜ, ਸਰਬਜੀਤ ਕੌਰ, ਸਿੱਕੀ ਝੱਜੀ ਪਿੰਡ ਵਾਲਾ, ਸੁਖਰਾਜ ਬਰਾੜ, ਬਿੰਦਰ ਕੋਲੀਆਂਵਾਲ,ਸੋਮਾ ਜਲਾਲਪੁਰ, ਅਮਰਵੀਰ ਸਿੰਘ ਹੋਠੀ, ਰੁਪਿੰਦਰ ਹੁੰਦਲ, ਬੌਬੀ ਜਾਜੇਵਾਲ ਆਦਿ ਨੇ ਭਰਵੀਂ ਹਾਜ਼ਰੀ ਲਗਾਈ। ਇਸ ਤੋਂ ਬਾਅਦ ਸਨਮਾਨ ਸਮਾਰੋਹ ਦੌਰਾਨ ਬਿੰਦਰ



ਕੋਲੀਆਂਵਾਲ ਦਾ ਸਭਾ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਦਲਜਿੰਦਰ ਰਹਿਲ ਅਤੇ ਦਿਲਬਾਗ ਖਹਿਰਾ ਨੇ ਮੰਚ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ। ਹੋਰ ਆਈਆਂ ਸ਼ਖਸ਼ੀਅਤਾਂ ਵਿੱਚ ਸ਼੍ਰੋਮਣੀ ਅਕਾਲੀ ਦਲ, ਇਟਲੀ ਵੱਲੋਂ ਜਗਦੇਵ ਸਿੰਘ ਲਹਿਰਾ, ਗੁਰਚਰਨ ਸਿੰਘ ਭੁੰਗਰਨੀ, ਹਰਦੀਪ ਸਿੰਘ ਬੋਦਲ, ਗੁਰਸ਼ਰਨ ਸਿੰਘ, ਜਸਬੀਰ ਖਾਨ ਚੈੜੀਆਂ, ਬਲਦੇਵ ਸਿੰਘ ਬੂਰੇਜੱਟਾਂ, ਨਿੰਦਰਜੀਤ ਸਿੰਘ, ਤਰਵੀਜ਼ੋ, ਭੁਪਿੰਦਰ ਸਿੰਘ ਸੋਨੀ ਆਦਿ ਹਾਜ਼ਰ ਸਨ। ਸਮਾਗਮ ਦੀ ਸਫ਼ਲਤਾ ਵਿੱਚ ਰੀਆ ਮਨੀ ਟਰਾਂਸਫਰ, ਗੁਰਦੁਆਰਾ ਸਿੰਘ ਸਭਾ ਨੋਵੇਲਾਰਾ, ਭੁਪਿੰਦਰ ਸਿੰਘ ਸੋਨੀ ਨੋਵੇਲਾਰਾ ਅਤੇ ਕੌਂਸਲ ਨੋਵੇਲਾਰਾ ਵੱਲੋਂ ਵਿਸ਼ੇਸ਼ ਤੌਰ ਤੇ ਸਹਿਯੋਗ ਦਿੱਤਾ ਗਿਆ।

## ਬਿੰਦਰ ਕੋਲੀਆਂਵਾਲ ਦਾ ਕਾਵਿ-ਸੰਗ੍ਰਹਿ 'ਅਧੂਰਾ ਸਫ਼ਰ' ਲੋਕ ਅਰਪਣ



(T-3)ਪੰਜਾਬ ਭਵਨ ਸਰੀ ਕੈਨੇਡਾ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਤੀਸਰਾ ਪੰਜਾਬੀ ਸਾਹਿਤ ਤੇ ਸਭਿਆਚਾਰ ਸੰਮੇਲਨ ਵਿਚ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਡਾ. ਸ. ਪ. ਸਿੰਘ, ਡਾ. ਹਰਿਭਜਨ ਸਿੰਘ ਭਾਟੀਆ, ਡਾ. ਹਰਪਾਲ ਸਿੰਘ ਪੰਨੂ ਅਤੇ ਪ੍ਰਿੰ. ਸੁਰਿੰਦਰ ਕੌਰ ਬਰਾੜ




ਪੰਜਾਬ ਭਵਨ ਸਰੀ ਵਲੋਂ ਤੀਸਰੇ ਪੰਜਾਬੀ ਸਾਹਿਤ ਤੇ ਸਭਿਆਚਾਰ ਸੰਮੇਲਨ ਵਿੱਚ ਪਾਲ ਢਿਲੋਂ ਦੀ ਪੁਸਤਕ 'ਮੰਜ਼ਿਲ ਦਾ ਤਰਜ਼ੁਮਾ' ਲੋਕ ਅਰਪਣ



ਖੱਬੇ ਤੋਂ ਸੱਜੇ ਬਿੱਕਰ ਸਿੰਘ ਖੋਸਾ, ਪ੍ਰੋ ਮਨਜੀਤ ਸਿੰਘ, ਜਰਨੈਲ ਸਿੰਘ ਆਰਟਿਸਟ, ਕਵਿੰਦਰ ਚਾਂਦ, ਸੁੱਖੀ ਬਾਠ, ਪਾਲ ਢਿੱਲੋਂ, ਮੋਹਨ ਗਿੱਲ, ਡਾ. ਸਾਧੂ ਸਿੰਘ ਤੇ ਪ੍ਰੋ. ਸਰਬਜੀਤ ਸਿੰਘ

(T-4)










ਪੰਜਾਬੀ ਸਾਹਿਤ ਤੇ ਸਭਿਆਚਾਰ ਸੰਮੇਲਨ, ਪੰਜਾਬ ਭਵਨ, ਸਰੀ ਵਿੱਚ ਸੰਬੋਧਨ ਕਰਦੇ ਹੋਏ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਡੈਲੀਗੇਸ਼ਨ ਦੇ ਮੈਂਬਰ